ਸਤੰਬਰ 2022, ਅੰਕ 3

# Magazine on Low External Input Sustainable Agriculture

LEISA INDIA

ਖਾਸ ਪੰਜਾਬੀ ਸੰਸਕਰਨ



ਲੀਜ਼ਾ ਇੰਡੀਆ ਦਾ ਅਠਾਰਵਾਂ ਪੰਜਾਬੀ ਅੰਕ ਲੀਜ਼ਾ ਇੰਡੀਆ ਦੇ ਸਹਿਯੋਗ ਨਾਲ ਖੇਤੀ ਵਿਰਾਸਤ ਮਿਸ਼ਨ ਵੱਲੋਂ ਪ੍ਰਕਾਸ਼ਿਤ ਕੀਤਾ ਜਾ ਰਿਹਾ ਹੈ। ਇਸ ਅੰਕ ਵਿੱਚ ਲੀਜ਼ਾ ਇੰਡੀਆ ਵਿੱਚ ਪ੍ਰਕਾਸ਼ਿਤ ਅੰਗਰੇਜ਼ੀ ਦੇ ਕੁੱਝ ਮੂਲ ਲੇਖਾਂ ਦਾ ਪੰਜਾਬੀ ਅਨੁਵਾਦ ਪਾਠਕਾਂ ਦੀ ਨਜ਼ਰ ਕੀਤਾ ਗਿਆ ਹੈ।

AME Foundation
No. 204, 100 Feet Ring Road, 3rd Phase,
Banashankari 2nd block, 3rd stage,
Bangalore- 560085 , India
Tel: +91-080-22699512, +91-080-22699522
Fax: +91-080-22699410
E-Mail: leisaindia@yahoo.co.in

*ਖੇਤੀ ਵਿਰਾਸਤ ਮਿਸ਼ਨ*
*ਗਲੀ ਨੰ. 4, ਆਰ. ਵੀ. ਸ਼ਾਂਤੀ ਨਗਰ,ਬਾਜਾਖਾਨਾ ਰੋਡ,*
*ਜੈਤੋ-151202 ਸੰਪਰਕ: 01635-231415, 503415*
*ਵੈੱਬਸਾਈਟ:* khetivirasatmission.org
*ਈਮੇਲ:* khetivirasatmission@gmail.com

*ਲੀਜ਼ਾ ਇੰਡੀਆ ਏ. ਐੱਮ. ਈ. ਫਾਂਊਂਡੇਸ਼ਨ ਦੁਆਰਾ ਆਈ. ਐੱਲ. ਈ. ਆਈ. ਏ. ਦੇ ਸਹਿਯੋਗ ਨਾਲ ਅੰਗਰੇਜ਼ੀ ਭਾਸ਼ਾ ਵਿੱਚ ਪ੍ਰਕਾਸ਼ਿਤ ਕੀਤੀ ਜਾਂਦੀ ਤ੍ਰੈਮਾਸਿਕ ਪੱਤ੍ਰਿਕਾ ਹੈ।*

***ਮੁੱਖ ਸੰਪਾਦਕ:*** ਟੀ.ਐੱਮ. ਰਾਧਾ, ਏ. ਐੱਮ. ਈ. ਫਾਊਂਡੇਸ਼ਨ
***ਪ੍ਰਬੰਧਕ ਸੰਪਾਦਕ:*** ਕੇ. ਵੀ. ਐੱਸ. ਪ੍ਰਸ਼ਾਦ, ਏ. ਐਮ. ਈ. ਫਾਊਂਡੇਸ਼ਨ
***ਅਨੁਵਾਦ ਕੋਆਰਡੀਨੇਅਰ:*** ਬੀ.ਐੱਮ.ਸੰਜਨਾ, ਏ. ਐੱਮ. ਈ. ਫਾਊਂਡੇਸ਼ਨ
***ਸੰਪਾਦਕ ਮੰਡਲ ਅਤੇ ਪੰਜਾਬੀ ਸੰਸਕਰਨ:*** ਉਮੇਂਦਰ ਦੱਤ, ਅਮਨਜੋਤ ਕੌਰ
**ਪ੍ਰਬੰਧਨ:** ਜੀ.ਜੀ.ਰੁਕਮਨੀ, ਏ.ਐੱਮ.ਈ.ਫਾਊਂਡੇਸ਼ਨ
**ਲੇਆਉਟ ਅਤੇ ਟਾਈਪ ਸੈਟਿੰਗ:** ਜਗਜੀਤ ਸਿੰਘ ਬਰਾੜ
**ਛਪਾਈ:** ਜ਼ੈ ਆਫਸੈੱਟ ਪ੍ਰਿੰਟਰਜ਼, ਇੰਡਸਟ੍ਰੀਅਲ ਏਰੀਆ, ਚੰਡੀਗੜ੍ਹ
**ਆਵਰਣ ਫੋਟੋ:** ਖੇਤੀ ਵਿਰਾਸਤ ਮਿਸ਼ਨ
**ਲੀਜ਼ਾ ਪੱਤ੍ਰਿਕਾ ਦੇ ਹੋਰ ਪ੍ਰਕਸ਼ਨ:** ਫਾਰਮਿੰਗ ਮੈਟਰਜ਼ (ਅੰਗਰੇਜ਼ੀ)
ਲੀਸਾ ਰੀਵਿਸਟਾ ਡੇ ਐਗਰੋਈਕੋਲੋਜ਼ੀਆ (ਲਾਤੀਨੀ ਸੰਸਕਰਨ)
ਲੀਸਾ ਇੰਡੀਆ (ਅੰਗਰੇਜ਼ੀ, ਕੰਨੜਾ, ਤਾਮਿਲ, ਉੜੀਆ, ਮਰਾਠੀ, ਹਿੰਦੀ ਅਤੇ ਤੇਲਗੂ ਸੰਸਕਰਨ)
ਐਗਰੀਡੇਪ (ਪੱਛਮੀ ਅਫਰੀਕਾ, ਫਰੈਂਚ ਸੰਸਕਰਨ)
ਐਗਰੀਕਲਚਰਜ਼ ਐਕਸਪੀਰੀਐਂਸਿਆਸ ਈਮ ਐਗਰੋਈਕੋਲੋਜ਼ੀਆ ਬ੍ਰਾਜ਼ੀਲ
ਬੋਆਬਾਬ(ਈਸਟ ਅਫਰੀਕਾ ਅੰਗਰੇਜ਼ੀ ਸੰਸਕਰਨ)
ਸੰਪਾਦਕ ਵੱਲੋਂ ਲੇਖਾਂ ਵਿੱਚ ਪ੍ਰਕਾਸ਼ਿਤ ਜਾਣਕਾਰੀ ਬਾਰੇ ਪੂਰੀ ਸਾਵਧਾਨੀ ਵਰਤੀ ਗਈ ਹੈ। ਫਿਰ ਵੀ ਸਾਂਝੀ ਕੀਤੀ ਗਈ ਜਾਣਕਾਰੀ ਵਿੱਚ ਕਿਸੇ ਵੀ ਕਮੀ ਦੀ ਜ਼ਿੰਮੇਵਾਰ ਸਬੰਧਤ ਲੇਖਕ ਦੀ ਹੋਵੇਗੀ।
**ਮਾਇਜੇਰੀਅਰ ਦੇ ਸਹਿਯੋਗ ਅਤੇ ਖੇਤੀ ਵਿਰਾਸਤ ਮਿਸ਼ਨ ਉੱਦਮ ਸਦਕਾ ਏ.ਐੱਮ.ਈ. ਦੁਆਰਾ ਪ੍ਰਕਾਸ਼ਿਤ**

## ਪਿਆਰੇ ਪਾਠਕੋ

ਏ.ਐੱਮ.ਈ.ਫਾਊਂਡੇਸ਼ਨ ਦੁਆਰਾ ਭਾਰਤ ਵਿੱਚ ਪ੍ਰਕਾਸ਼ਿਤ ਕੌਮਾਂਤਰੀ ਖੇਤੀ ਪੱਤ੍ਰਿਕਾ ਲੀਜ਼ਾ ਇੰਡੀਆਂ ਦੇ ਖੇਤੀ ਵਿਰਾਸਤ ਮਿਸ਼ਨ ਵੱਲੋਂ ਕੱਢੇ ਗਏ ਪੰਜਾਬੀ ਸੰਸਕਰਨ ਦਾ ਅਠਾਰਵਾਂ ਅੰਕ ਆਪਜੀ ਦੀ ਨਜ਼ਰ ਕਰਦਿਆਂ ਸਾਨੂੰ ਬੇਹੱਦ ਖੁਸ਼ੀ ਹੋ ਰਹੀ ਹੈ। ਪੱਤ੍ਰਿਕਾ ਨੂੰ ਆਪਜੀ ਤੋਂ ਮਿਲ ਰਹੇ ਭਰਪੂਰ ਹੁੰਗਾਰੇ ਅਤੇ ਪਿਆਰ ਸਦਕਾ ਲੀਜ਼ਾ ਪੰਜਾਬੀ ਰਾਹੀਂ ਆਪਜੀ ਨਾਲ ਉੱਚ ਮਿਆਰੀ ਅਤੇ ਅਰਥਪੂਰਨ ਜਾਣਕਾਰੀ ਸਾਂਝੀ ਕਰਨ ਦੀ ਸਾਡੀ ਪ੍ਰਤੀਬੱਧਤਾ ਹੋਰ ਮਜ਼ਬੂਤ ਹੋਈ ਹੈ।

ਸਾਡੀ ਹਮੇਸ਼ਾ ਇਹ ਹੀ ਕੋਸ਼ਿਸ਼ ਰਹੇਗੀ ਕਿ 'ਲੀਜ਼ਾ ਇੰਡੀਆ' ਦੁਆਰਾ ਖੇਤੀ - ਕਿਸਾਨੀ ਦੀ ਬਿਹਤਰੀ ਅਤੇ ਖੇਤੀ ਨੂੰ ਟਿਕਾਊ ਆਜੀਵਿਕਾ ਦਾ ਸਨਮਾਨਜਨਕ ਸਾਧਨ ਬਣਾਉਣ ਲਈ ਚੇਤਨ ਕਿਸਾਨਾਂ ਅਤੇ ਕਿਸਾਨ ਹਿਤੈਸ਼ੀ ਸੰਸਥਾਵਾਂ ਦੁਆਰਾ ਕੀਤੇ ਜਾ ਰਹੇ ਕਾਮਯਾਬ ਤਜ਼ਰਬਿਆਂ ਅਤੇ ਵਿਕਸਤ ਕੀਤੀਆਂ ਜਾ ਰਹੀਆਂ ਕਿਸਾਨ ਅਤੇ ਕੁਦਰਤ ਪੱਖੀ ਖੇਤੀ ਤਕਨੀਕਾਂ ਨੂੰ ਆਪਜੀ ਨਾਲ ਨਿਰੰਤਰ ਸਾਂਝਾ ਕੀਤਾ ਜਾਵੇ।

ਇਹ ਵੀ ਧਿਆਨ ਰੱਖਿਆ ਜਾਵੇਗਾ ਕਿ ਗਿਆਨ, ਜਾਣਕਾਰੀ ਅਤੇ ਤਕਨੀਕਾਂ ਦਾ ਇਹ ਲਿਪੀਬੱਧ ਆਦਾਨ-ਪ੍ਰਦਾਨ ਹਰ ਪੱਖੋਂ ਸਟੀਕ ਅਤੇ ਭਰੋਸੇਮੰਦ ਹੋਵੇ। ਪੱਤ੍ਰਿਕਾ ਦੇ ਇਸ ਅੰਕ ਵਿੱਚ 'ਲੀਜ਼ਾ ਇੰਡੀਆ' ਦੇ ਮੂਲ ਅੰਗਰੇਜ਼ੀ ਸੰਸਕਰਨ ਦੌਰਾਨ ਪ੍ਰਕਾਸ਼ਿਤ ਕੁੱਝ ਚੋਣਵੇਂ ਪ੍ਰੇਰਨਾਦਾਈ ਲੇਖਾਂ ਦਾ ਪੰਜਾਬੀ ਉਲੱਥਾ ਤੁਹਾਡੀ ਨਜ਼ਰ ਕਰਨ ਜਾ ਰਹੇ ਹਾਂ। ਆਸ ਕਰਦੇ ਹਾਂ ਲੀਜ਼ਾ ਇੰਡੀਆ ਦਾ ਹਥਲਾ ਪੰਜਾਬੀ ਸੰਸਕਰਨ ਪਾਠਕਾਂ ਦੀਆਂ ਆਸਾਂ 'ਤੇ ਖਰ੍ਹਾ ਉੱਤਰੇਗਾ।

**ਲੀਜ਼ਾ ਇੰਡੀਆ ਟੀਮ**
**ਸਤੰਬਰ-2022**

*ਲੀਜ਼ਾ* ਘੱਟ ਬਾਹਰੀ ਆਗਤਾਂ ਅਤੇ ਟਿਕਾਊ ਖੇਤੀ ਦੀ ਸਿਰਮੌਰ ਪੱਤ੍ਰਿਕਾ ਹੈ। ਇਹ ਕੁਦਰਤ ਨਾਲ ਇੱਕਮਿੱਕਤਾ ਰਾਹੀਂ ਫਸਲਾਂ ਦਾ ਉਤਪਾਦਨ ਅਤੇ ਆਪਣੀ ਆਮਦਨ ਵਧਾਉਣ ਲਈ ਕਾਰਜਸ਼ੀਲ ਕਿਸਾਨਾਂ ਨੂੰ ਤਕਨੀਕੀ ਅਤੇ ਸਮੁਦਾਇਕ ਪਹਿਲਕਦਮੀਆਂ ਤੋਂ ਜਾਣੂ ਕਰਵਾਵਉਂਦੀ ਹੈ। ਲੀਜ਼ਾ ਕੁਦਰਤੀ ਸੋਮਿਆਂ ਅਤੇ ਕੁਦਰਤੀ ਪ੍ਰਕਿਰਿਆਵਾਂ ਦੇ ਸਰਵੋਤਮ ਇਸਤੇਮਾਲ ਬਾਰੇ ਜਾਣਕਾਰੀ ਮੁਹੱਈਆ ਕਰਵਾਉਂਦੀ ਹੈ। ਇਹ ਉਹਨਾਂ ਇਸਤ੍ਰੀ, ਪੁਰਸ਼ ਕਿਸਾਨਾਂ ਅਤੇ ਸਮੁਦਾਇਆਂ ਦੇ ਸ਼ਸ਼ਕਤੀਕਰਨ ਲਈ ਕਾਰਜਸ਼ੀਲ ਹੈ ਜਿਹੜੇ ਕਿ ਆਪਣੇ ਗਿਆਨ, ਹੁਨਰ, ਆਪਣੀਆਂ ਕਦਰਾਂ-ਕੀਮਤਾਂ, ਸੱਭਿਆਚਾਰ ਅਤੇ ਅਦਾਰਿਆਂ ਦੇ ਆਧਾਰ 'ਤੇ ਆਪਣਾ ਭਵਿੱਖ ਬਣਾਉਣਾ ਚਾਹੁੰਦੇ ਹਨ। ਲੀਜ਼ਾ ਖੇਤੀ ਵਿੱਚ ਸੁਧਾਰ ਅਤੇ ਇਸਨੂੰ ਬਦਲਦੀਆਂ ਹਾਲਤਾਂ ਅਤੇ ਜ਼ਰੂਰਤਾਂ ਮੁਤਾਬਿਕ ਢਾਲਣ ਲਈ ਖੇਤੀ ਦੇ ਸਹਿਭਾਗੀ ਤਰੀਕੇ ਅਪਣਾ ਕੇ ਕਿਸਾਨਾਂ ਅਤੇ ਖੇਤੀ ਨਾਲ ਜੁੜੇ ਹੋਰਨਾ ਲੋਕਾਂ ਦੀ ਸਮਰਥਾ ਵਧਾਉਣ 'ਤੇ ਜ਼ੋਰ ਦਿੰਦੀ ਹੈ। ਲੀਜ਼ਾ ਰਵਾਇਤੀ ਗਿਆਨ ਅਤੇ ਵਿਗਿਆਨ ਨੂੰ ਆਪਸ ਵਿੱਚ ਜੋੜ ਕੇ ਨੀਤੀ ਨਿਰਮਾਣ ਕਾਰਜ ਨੂੰ ਪ੍ਰਭਾਵਿਤ ਕਰਦੇ ਹੋਏ ਅਗਲੇਰੇ ਵਿਕਾਸ ਲਈ ਅਨੁਕੂਲ ਵਾਤਾਵਰਣ ਤਿਆਰ ਕਰਨ ਦੀ ਇੱਛਾ ਰੱਖਦੀ ਹੈ। ਲੀਜ਼ਾ ਇੱਕ ਵਿਚਾਰ ਹੈ, ਇੱਕ ਪਹੁੰਚ ਹੈ ਇੱਕ ਰਾਜਨੀਤਕ ਸੁਨੇਹਾਂ ਹੈ।

**ਏ.ਐੱਮ.ਈ.ਫਾਊਂਡੇਸ਼ਨ** ਰਵਾਇਤੀ ਗਿਆਨ ਅਤੇ ਨਿਵੇਕਲੀਆਂ ਤਕਨੀਕਾਂ ਦੇ ਮਾਧਿਅਮ ਨਾਲ ਘੱਟ ਬਾਹਰੀ ਆਗਤ ਪ੍ਰਬੰਧਨ ਰਾਹੀਂ ਟਿਕਾਊ ਰੋਜ਼ਗਾਰ ਪੈਦਾ ਕਰਨ ਨੂੰ ਉਤਸ਼ਾਹਿਤ ਕਰਦੀ ਹੈ। ਇਸ ਉਦੇਸ਼ ਦੀ ਪੂਰਤੀ ਲਈ ਏ.ਐੱਮ.ਈ.ਫਾਂਉਂਡੇਸ਼ਨ ਦੱਖਣ ਦੇ ਅਰਧ ਖੁਸ਼ਕ ਖੇਤਰ ਵਿੱਚ ਛੋਟੇ ਅਤੇ ਸੀਮਾਂਤ ਕਿਸਾਨਾਂ ਨਾਲ ਮਿਲ ਕੇ ਖੇਤੀ ਦੇ ਬਦਲ ਤਿਆਰ ਕਰਨ, ਗਿਆਨ ਵਧਾਉਣ, ਸਿਖਲਾਈ, ਖੇਤੀ ਨੂੰ ਵਿਕਾਸ ਏਜੰਸੀਆਂ ਨਾਲ ਜੋੜਨ ਅਤੇ ਅਨੁਭਵ ਵੰਡਣ ਦਾ ਕੰਮ ਕਰ ਰਹੀ ਹੈ। ਏ.ਐੱਮ.ਈ.ਫਾਊਂਡੇਸ਼ਨ ਪਿੰਡਾਂ ਦੇ ਗੁੱਛਿਆਂ ਵਿੱਚ ਇੱਛਕ ਕਿਸਾਨ ਸਮੂਹਾਂ ਨਾਲ ਉਹਨਾਂ ਨੂੰ ਬਦਲਵੇਂ ਖੇਤੀ ਪੱਦਤੀ ਤਿਆਰ ਕਰਨ ਅਤੇ ਅਪਣਾਉਣ ਦੇ ਯੋਗ ਬਣਾਉਣ ਦਾ ਕਾਰਜ ਪੂਰੀ ਸ਼ਿੱਦਤ ਨਾਲ ਕਰ ਰਹੀ ਹੈ। ਇਹ ਸਥਾਨ ਸਬੰਧਤ ਕਿਸਾਨਾਂ ਅਤੇ ਉਹਨਾਂ ਨੂੰ ਉਤਸ਼ਾਹਿਤ ਕਰਨ ਵਾਲੇ ਅਦਾਰਿਆਂ ਲਈ ਉਹਨਾਂ ਦੀ ਦੇਖਣ-ਸਮਝਣ ਦੀ ਸਮਰਥਾ ਵਿੱਚ ਵਾਧਾ ਕਰਨ ਲਈ ਸਿੱਖਣ ਲਾਇਕ ਹਾਲਤਾਂ ਦੇ ਮੁਹੱਈਆ ਕਰਦੇ ਹਨ। ਇਸ ਵਿੱਚ ਗ਼ੈਰ ਸਰਕਾਰੀ ਸੰਗਠਨ ਅਤੇ ਗ਼ੈਰ ਸਰਕਾਰੀ ਸੰਗਠਨਾਂ ਦੇ ਨੈੱਟਵਰਕ ਵੀ ਸ਼ਾਮਿਲ ਹੈ। www.amefound.org

**ਖੇਤੀ ਵਿਰਾਸਤ ਮਿਸ਼ਨ** ਸਵੈਨਿਰਭਰ, ਸਵੈਮਾਣੀ, ਸਵਦੇਸ਼ੀ ਖੇਤੀ ਅਤੇ ਸਰਬਤ ਦੇ ਭਲੇ ਨੂੰ ਸਮਰਪਿਤ ਲੋਕ ਲਹਿਰ ਹੈ। ਆਪਣੇ ਜਨਮ ਵਰ੍ਹੇ ਮਾਰਚ, 2005 ਤੋਂ ਹੀਇਹ ਪੰਜਾਬ ਨੂੰ ਦਰਪੇਸ਼ ਖੇਤੀ ਸਿਹਤਾਂ ਅਤੇ ਵਾਤਾਵਰਣ ਦੇ ਅਤਿ ਗੰਭੀਰ ਸੰਕਟ ਖਿਲਾਫ਼ ਆਮ ਲੋਕਾਂ ਨੂੰ ਚੇਤਨ ਕਰਦੇ ਹੋਏ ਇਸ ਸੰਕਟ ਦੇ ਮੂਲ ਕਾਰਣ ਜ਼ਹਿਰੀਲੀ ਰਸਾਇਣਿਕ ਖੇਤੀ ਦੇ ਬਦਲ ਵਜੋਂ ਜ਼ਹਿਰ ਮੁਕਤ ਕੁਦਰਤੀ ਖੇਤੀ ਦੀ ਸਥਾਪਨਾ ਲਈ ਯਤਨਸ਼ੀਲ ਹੈ। ਵਰਤਮਾਨ ਸਮੇਂ ਸੂਬੇ ਭਰ ਵਿੱਚ ਸੈਂਕੜੇ ਕਿਸਾਨ ਖੇਤੀ ਵਿਰਾਸਤ ਮਿਸ਼ਨ ਦੀ ਰਹਿਨੁਮਾਈ ਵਿੱਚ ਪੂਰੀ ਸਫਲਤਾ ਨਾਲ ਜ਼ਹਿਰ ਮੁਕਤ ਕੁਦਰਤੀ ਖੇਤੀ ਦੀ ਸੁਨਹਿਰੀ ਇਬਾਰਤ ਲਿਖ ਰਹੇ ਹਨ। (www.khetivirasatmission.org)

**ਮਾਇਜੇਰੀਅਰ** ਦੀ ਸਥਾਪਨਾਂ 1958 ਵਿੱਚ ਹੋਈ। ਇਹ ਜ਼ਰਮਨ ਕੈਥੋਲਿਕ ਬਿਸ਼ਪ ਦੀ ਵਿਕਾਸਤਮਕ ਸਹਿਯੋਗ ਨਾਮਕ ਸੰਸਥਾ ਹੈ। ਬੀਤੇ 50 ਤੋਂ ਵੀ ਜਿਆਦਾ ਸਾਲਾਂ ਤੋਂ ਮਾਇਜੇਰੀਅਰ ਅਫਰੀਕਾ, ਏਸ਼ੀਆ ਅਤੇ ਲੈਟਿਨ ਅਮਰੀਕਾ ਵਿੱਚ ਗਰੀਬੀ ਖਿਲਾਫ਼ ਲੜਨ ਲਈ ਵਚਨਬੱਧ ਹੈ। ਜਾਤੀ, ਧਰਮ ਅਤੇ ਲਿੰਗ ਭੇਦ ਤੋਂ ਉਪਰਾਮ ਮਾਇਜੇਰੀਅਰ ਕਿਸੇ ਵੀ ਮਨੁੱਖੀ ਜ਼ਰੂਰਤ ਦੀ ਪੂਰਤੀ ਹਿੱਤ ਸਹਿਯੋਗ ਲਈ ਤਤਪਰ ਹੈ। ਮਾਇੰਜੇਰੀਅਰ ਗਰੀਬਾਂ ਅਤੇ ਜ਼ਰੂਰਤਮੰਦਾ ਦੁਆਰਾ ਸ਼ੁਰੂ ਕੀਤੇ ਅਤੇ ਅਪਣਾਏ ਗਏ ਕਾਰਜਾਂ ਨੂੰ ਸਹਿਯੋਗ ਕਰਨ ਵਿੱਚ ਵਿਸ਼ਵਾਸ ਰਖਦਾ ਹੈ। ਇਹ ਆਪਣੇ ਸਥਾਨਕ ਭਾਗੀਦਾਰਾਂ ਨਾਲ ਮਿਲ ਕੇ ਕੰਮ ਕਰਨ ਨੂੰ ਪਹਿਲ ਦਿੰਦਾ ਹੈ। ਇਹ ਲਾਭਪਾਤਰੀਆਂ ਅਤੇ ਸਹਿਯੋਗੀ ਸੰਗਠਨਾਂ ਨੂੰ ਨਾਲ ਲੈ ਕੇ ਵਿਕਾਸ ਦੇ ਸਥਾਨਕ ਕਾਰਜਾਂ ਦੀ ਰੂਪਰੇਖਾ ਤੈਅ ਕਰਦਾ ਹੈ ਅਤੇ ਸਬੰਧਤ ਪ੍ਰੋਜੈਕਟ ਲਾਗੂ ਕਰਨ ਵਿੱਚ ਸਹਿਯੋਗ ਕਰਦਾ ਹੈ। ਇਹ ਹੀ ਕਾਰਨ ਹੈ ਕਿ ਮਾਇਜੇਰੀਅਰ ਆਪਣੇ ਸਹਿਭਾਗੀਆਂ ਨਾਲ ਮਿਲ ਕੇ ਨਿਰੰਤਰ ਬਦਲਦੀਆਂ ਚੁਣੌਤੀਆਂ ਪ੍ਰਤਿ ਤਿਆਰ-ਬਰ-ਤਿਆਰ ਖੜਾ ਹੈ। (www.misereor.de;misereor.org)

# ਇਸ ਅੰਕ ਵਿੱਚ



## ਭਾਸਕਰ ਸਾਵੇ - ਜੈਵਿਕ ਖੇਤੀ ਦੇ ਗਾਂਧੀ



"ਜੈਵਿਕ ਖੇਤੀ ਦੇ ਗਾਂਧੀ" ਦੇ ਰੂਪ ਵਿੱਖ ਪ੍ਰਸਿੱਧ ਸਵਰਗੀ ਭਾਸਕਰ ਸਾਵੇ ਨੇ ਜੈਵਿਕ ਖੇਤੀ ਦੀਆਂ ਤਿੰਨ ਪੀੜ੍ਹੀਆਂ ਨੂੰ ਜੈਵਿਕ ਖੇਤੀ ਲਈ ਪ੍ਰੋਤਸ਼ਾਹਿਤ ਕੀਤਾ ਅਤੇ ਸਲਾਹ ਦਿੱਤੀ। ਉਹਨਾਂ ਦੀ ਖੇਤੀ ਅਤੇ ਸਿਖਲਾਈ ਦੇਣ ਦੇ ਤਰੀਕੇ ਕੁਦਰਤ ਦੇ ਨਾਲ ਉਹਨਾਂ ਦੇ ਸਹਿਜੀਵੀ ਸੰਬੰਧਾਂ ਦੇ ਉੱਪਰ ਗਹਿਰੀ ਸਮਝ ਉੱਪਰ ਆਧਾਰਿਤ ਸਨ, ਜਿੰਨ੍ਹਾਂ ਨੂੰ ਉਹ ਇਛੁੱਕ ਲੋਕਾਂ ਦੇ ਨਾਲ ਹਮੇਸ਼ਾ ਬਹੁਤ ਖੁਸ਼ੀ ਅਤੇ ਉਤਸ਼ਾਹਪੂਰਵਕ ਸਾਂਝਾ ਕਰਦੇ ਸਨ। ਸਾਲ 2010 ਵਿੱਚ 'ਦਿ ਇੰਟਰਨੈਸ਼ਨਲ ਫੈਡਰੇਸ਼ਨ ਆਫ ਆਰਗੈਨਿਕ ਐਗ੍ਰੀਕਲਚਰ ਮੂਵਮੈਂਟਸ' (ਆਈ ਐਫ ਓ ਏ ਐਮ), ਜੋ ਕਿ ਜੈਵਿਕ ਕਿਸਾਨਾਂ ਅਤੇ ਅੰਦੋਲਨਾਂ ਦੀ ਵਿਸ਼ਵ ਪੱਧਰੀ ਸੰਸਥਾ ਹੈ, ਨੇ ਭਾਸਕਰ ਸਾਵੇ ਨੂੰ "ਵਨ ਵਰਲਡ ਅਵਾਰਡ ਫਾਰ ਲਾਈਫ ਟਾਈਮ ਅਚੀਵਮੈਂਟ" ਪੁਰਸਕਾਰ ਨਾਲ ਸਨਮਾਨਿਤ ਕੀਤਾ।

ਪੇਜ ਨੰ: 5

## ਜੈਵਿਕ ਖੇਤੀ ਨੂੰ ਪ੍ਰੋਤਸ਼ਾਹਿਤ ਕਰਨ ਲਈ ਉੱਦਮ



ਵਰਖਾ ਉੱਪਰ ਨਿਰਭਰ ਕਰਨ ਵਾਲੇ ਕਿਸਾਨ ਹਮੇਸ਼ਾ ਹੀ ਦੁਰਬਲ ਸ਼੍ਰੇਣੀ ਵਿੱਚ ਆਉਂਦੇ ਹਨ। ਪਰ ਸੰਕਟ ਨੂੰ ਇੱਕ ਅਵਸਰ ਵਿੱਚ ਬਦਲਣ ਲਈ ਦ੍ਰਿੜ ਸੰਕਲਪ ਅਤੇ ਲੋਕਾਂ ਦੇ ਸਹਿਯੋਗ ਦੀ ਲੋੜ ਹੁੰਦੀ ਹੈ। ਸੇਬਸਟੀਅਨ ਇਸਦਾ ਹੀ ਇੱਕ ਉਦਾਹਰਨ ਹਨ ਜੋ ਕਿਸਾਨਾਂ ਨੂੰ ਜੈਵਿਕ ਖੇਤੀ ਪੱਦਤੀਆਂ ਨੂੰ ਅਪਨਾਉਣ ਵਿੱਚ ਸਹਿਯੋਗ ਦੇ ਕੇ ਇੱਕ ਰੋਲ ਮਾਡਲ ਬਣ ਗਏ ਹਨ।

ਪੇਜ ਨੰ: 14

## ਡ੍ਰੈਗਨ ਫਲ ਦੀ ਜੈਵਿਕ ਖੇਤੀ



ਪੰਜਾਬ ਦੇ ਹਰਬੰਤ ਸਿੰਘ ਨੇ ਡ੍ਰੈਗਨ ਫਲ ਅਤੇ ਚੰਦਨ ਦੀ ਖੇਤੀ ਕਰਨ ਲਈ ਜੈਵਿਕ ਖੇਤੀ ਨੂੰ ਅਪਣਾਇਆ ਕਿਉਂਕਿ ਇਹਨਾਂ ਦੀ ਖੇਤੀ ਕਰਨ ਲਈ ਪ੍ਰੰਪਰਿਕ ਫਸਲਾਂ ਦੇ ਮੁਕਾਬਲੇ ਬਹੁਤ ਘੱਟ ਪਾਣੀ ਦੀ ਲੋੜ ਹੁੰਦੀ ਹੈ।

ਪੇਜ ਨੰ: 10

## ਕਾਂਜੀਕੁਝੀ

### *ਕੇਰਲ ਦੀ ਪਹਿਲੀ ਜ਼ਹਿਰ ਮੁਕਤ ਸਬਜ਼ੀਆਂ ਦੇ ਮਾਮਲੇ ਵਿੱਚ ਆਤਮਨਿਰਭਰ ਪੰਚਾਇਤ*



ਪਿੰਡ ਨੇ ਜੈਵਿਕ ਖੇਤੀ ਦੇ ਤਜਰਬੇ 1994 ਵਿੱਚ ਉਸ ਸਮੇਂ ਸ਼ੁਰੂ ਕੀਤੇ ਸਨ ਜਦੋਂ ਭਾਰਤ ਦੇ ਬਹੁਤ ਸਾਰੇ ਹਿੱਸਿਆਂ ਵਿੱਚ ਕਿਸੇ ਨੇ ਇਸਦਾ ਨਾਮ ਵੀ ਨਹੀ ਸੁਣਿਆ ਸੀ।

ਪੇਜ ਨੰ: 19

## ਸੰਪਾਦਕੀ

ਅੱਜ ਦੇ ਸਮਾਜ ਦੀਆਂ ਲੋੜਾਂ ਤੇਜੀ ਨਾਲ ਬਦਲ ਰਹੀਆਂ ਹਨ। ਬਦਲਦੀਆਂ ਲੋੜਾਂ ਦੇ ਨਾਲ ਖੇਤੀ ਵੀ ਬਦਲਦੀ ਜਾ ਰਹੀ ਹੈ। ਸੋ ਅੱਜ ਦੇ ਸਮੇਂ ਦੀਆਂ ਲੋੜਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਕਿਸਾਨ ਨੂੰ ਵੀ ਕੁੱਝ ਬਦਲਾਅ ਅਪਣਾਉਣੇ ਪੈ ਰਹੇ ਹਨ ਨਹੀਂ ਤਾਂ ਕੰਪਨੀਆਂ ਦੇ ਇਸ ਬਾਜ਼ਾਰ ਵਿੱਚ ਕਿਸਾਨ ਲਈ ਮੁਸ਼ਕਿਲ ਹੋ ਜਾਵੇਗਾ।

ਇਸ ਅੰਕ ਵਿੱਚ ਅਸੀਂ ਕੁੱਝ ਅਜਿਹੇ ਹੀ ਕਿਸਾਨਾਂ ਦੇ ਤਜ਼ਰਬੇ ਸਾਂਝੇ ਕਰਨ ਦੀ ਕੋਸ਼ਿਸ਼ ਕੀਤੀ ਹੈ ਜਿੰਨਾਂ ਨੇ ਥੋੜ੍ਹਾ ਹਟ ਕੇ ਕਰਨ ਦੀ ਕੋਸ਼ਿਸ਼ ਕੀਤੀ ਹੈ।ਅੱਜ ਕਿਸਾਨਾਂ ਲਈ ਸਵੈ-ਸਹਾਇਤਾ ਸਮੂਹ, ਕਿਸਾਨ ਉਤਪਾਦਕ ਕੰਪਨੀਆਂ, ਕੋਆਪਰੇਟਿਵ ਸੁਸਾਇਟੀ ਬਣਾ ਕੇ ਆਪਣੀ ਖੇਤੀ ਨੂੰ ਅੱਗੇ ਲੈ ਜਾਣ ਦੇ ਮੌਕੇ ਉਪਲਬਧ ਹੋ ਰਹੇ ਹਨ। ਸਰਕਾਰਾਂ ਵੀ ਤਰ੍ਹਾ-ਤਰ੍ਹਾ ਦੀਆਂ ਸਕੀਮਾਂ ਰਾਹੀ ਕਿਸਾਨਾਂ ਨੂੰ ਇਹਨਾਂ ਸਮੂਹਾਂ ਵਿੱਚ ਸ਼ਾਮਿਲ ਹੋਣ ਅਤੇ ਇਹਨਾਂ ਤੋਂ ਲਾਭ ਲੈਣ ਲਈ ਪ੍ਰੇਰਿਤ ਕਰ ਰਹੀਆਂ ਹਨ।

ਇਸਦੇ ਨਾਲ ਹੀ ਕੁੱਝ ਕਿਸਾਨ ਪ੍ਰੰਪਰਿਕ ਫ਼ਸਲਾਂ ਦੀ ਖੇਤੀ ਛੱਡ ਕੇ ਨਵੀਆਂ ਫ਼ਸਲਾਂ ਦੀ ਖੇਤੀ ਨੂੰ ਤਰਜੀਹ ਦੇ ਰਹੇ ਹਨ ਅਤੇ ਲਾਭ ਕਮਾ ਰਹੇ ਹਨ ਜਾਂ ਕੁੱਝ ਪ੍ਰੰਪਰਿਕ ਫ਼ਸਲਾਂ ਦਾ ਹੀ ਮੁੱਲ ਸੰਵਰਧਨ ਕਰ ਨਵੇਂ ਮੀਲ ਪੱਥਰ ਖੜੇ ਕਰ ਰਹੇ ਹਨ।

ਲੀਸਾ ਇੰਡੀਆ ਦੇ ਇਸ ਅੰਕ ਵਿੱਚ ਅਸੀਂ ਇਹਨਾਂ ਦੋਵੇਂ ਮਾਡਲਾਂ ਬਾਰੇ ਗੱਲ ਕੀਤੀ ਹੈ ਜੋ ਦੇਸ਼ ਦੇ ਕਈ ਹਿੱਸਿਆਂ ਵਿੱਚ ਚੱਲ ਰਹੇ ਹਨ ਅਤੇ ਕਿਸਾਨਾਂ ਲਈ ਰਾਹ ਦਸੇਰਾ ਬਣ ਰਹੇ ਹਨ। ਉਮੀਦ ਹੈ ਤੁਹਾਨੂੰ ਇਹ ਅੰਕ ਪਸੰਦ ਆਵੇਗਾ।

ਧੰਨਵਾਦ



# ਭਾਸਕਰ ਸਾਵੇ
# ਜੈਵਿਕ ਖੇਤੀ ਦੇ ਗਾਂਧੀ

*ਭਰਤ ਮਨਸਾਂਟਾ*

"ਜੈਵਿਕ ਖੇਤੀ ਦੇ ਗਾਂਧੀ" ਦੇ ਰੂਪ ਵਿੱਖ ਪ੍ਰਸਿੱਧ ਸਵਰਗੀ ਭਾਸਕਰ ਸਾਵੇ ਨੇ ਜੈਵਿਕ ਖੇਤੀ ਦੀਆਂ ਤਿੰਨ ਪੀੜ੍ਹੀਆਂ ਨੂੰ ਜੈਵਿਕ ਖੇਤੀ ਲਈ ਪ੍ਰੋਤਸ਼ਾਹਿਤ ਕੀਤਾ ਅਤੇ ਸਲਾਹ ਦਿੱਤੀ। ਉਹਨਾਂ ਦੀ ਖੇਤੀ ਅਤੇ ਸਿਖਲਾਈ ਦੇਣ ਦੇ ਤਰੀਕੇ ਕੁਦਰਤ ਦੇ ਨਾਲ ਉਹਨਾਂ ਦੇ ਸਹਿਜੀਵੀ ਸੰਬੰਧਾਂ ਦੇ ਉੱਪਰ ਗਹਿਰੀ ਸਮਝ ਉੱਪਰ ਆਧਾਰਿਤ ਸਨ, ਜਿੰਨ੍ਹਾਂ ਨੂੰ ਉਹ ਇਛੁੱਕ ਲੋਕਾਂ ਦੇ ਨਾਲ ਹਮੇਸ਼ਾ ਬਹੁਤ ਖੁਸ਼ੀ ਅਤੇ ਉਤਸ਼ਾਹਪੂਰਵਕ ਸਾਂਝਾ ਕਰਦੇ ਸਨ। ਸਾਲ 2010 ਵਿੱਚ ' ਦਿ ਇੰਟਰਨੈਸ਼ਨਲ ਫੈਡਰੇਸ਼ਨ ਆਫ ਆਰਗੈਨਿਕ ਐਗ੍ਰੀਕਲਚਰ ਮੂਵਮੈਂਟਸ' (ਆਈ ਐਫ ਓ ਏ ਐਮ), ਜੋ ਕਿ ਜੈਵਿਕ ਕਿਸਾਨਾਂ ਅਤੇ ਅੰਦੋਲਨਾਂ ਦੀ ਵਿਸ਼ਵ ਪੱਧਰੀ ਸੰਸਥਾ ਹੈ, ਨੇ ਭਾਸਕਰ ਸਾਵੇ ਨੂੰ "ਵਨ ਵਰਲਡ ਅਵਾਰਡ ਫਾਰ ਲਾਈਫ ਟਾਈਮ ਅਚੀਵਮੈਂਟ" ਪੁਰਸਕਾਰ ਨਾਲ ਸਨਮਾਨਿਤ ਕੀਤਾ।

ਦੱਖਣ ਤੱਟੀ ਗੁਜਰਾਤ ਵਿੱਚ, ਵਲਸਾੜ ਜਿਲ੍ਹੇ ਵਿੱਚ ਤੱਟੀ ਹਾਈਵੇ ਦੇ ਨੇੜੇ ਸਥਿਤ ਪਿੰਡ ਦੇਹਰੀ ਵਿੱਚ ਭਾਸਕਰ ਸਾਵੇ ਦਾ ਇੱਕ 14 ਏਕੜ ਦਾ ਬਗੀਚਾ "ਕਲਪਵ੍ਰਿਕਸ਼" ਹੈ। ਲਗਭਗ 10 ਏਕੜ ਵਿੱਚ ਮੁੱਖ ਰੂਪ ਵਿੱਚ ਨਾਰੀਅਲ ਅਤੇ ਚੀਕੂ ਅਤੇ ਕੁੱਝ ਮਾਤਰਾ ਵਿੱਚ ਹੋਰ ਪ੍ਰਜਾਤੀਆਂ ਦਾ ਇੱਕ ਮਿਸ਼੍ਰਿਤ ਪ੍ਰਾਕ੍ਰਿਤਿਕ ਬਗੀਚਾ ਹੈ। ਲਗਭਗ 2 ਏਕੜ ਵਿੱਚ ਮੌਸਮੀ ਫਸਲਾਂ ਦੀ ਖੇਤੀ ਪ੍ਰੰਪਰਿਕ ਚੱਕਰ ਅਨੁਸਾਰ ਜੈਵਿਕ ਵਿਧੀ ਨਾਲ ਕੀਤੀ ਜਾਂਦੀ ਹੈ। ਬਾਕੀ ਹਿੱਸੇ ਵਿੱਚ ਨਾਰੀਅਲ ਦੀ ਨਰਸਰੀ ਉਗਾਈ ਜਾਂਦੀ ਹੈ, ਜਿਸਦੀ ਬਹੁਤ ਮੰਗ ਹੈ। ਖੇਤ ਤੋਂ ਸਾਰੀਆਂ ਫਸਲਾਂ ਤੋਂ ਪ੍ਰਾਪਤ ਹੋਣ ਵਾਲੀ ਉਪਜਾ ਦੀ ਮਾਤਰਾ, ਪੋਸ਼ਣ ਗੁਣਵੱਤਾ, ਸਵਾਦ, ਜੈਵ ਵਿਭਿੰਨਤਾ, ਪਰਿਸਥਿਤਕੀ ਸਥਿਰਤਾ, ਜਲ ਸਰੰਖਿਅਣ, ਊਰਜਾ, ਕੌਸ਼ਲ ਅਤੇ ਆਰਥਿਕ ਲਾਭ ਕਿਸੇ ਵੀ ਰਸਾਇਣਿਕ ਖਾਦਾਂ ਅਤੇ ਕੀਟਨਾਸ਼ਕਾਂ ਦਾ ਇਸਤੇਮਾਲ ਕਰਨ ਵਾਲੇ ਖੇਤ ਤੋਂ ਜ਼ਿਆਦਾ ਹੈ ਜਦੋਂਕਿ ਲਾਗਤ (ਮੁੱਖ ਤੌਰ 'ਤੇ ਵਾਢੀ ਲਈ ਮਜਦੂਰਾਂ ਦੀ) ਘੱਟ ਤੋਂ ਘੱਟ ਹੈ ਅਤੇ ਬਾਹਰੀ ਨਿਵੇਸ਼/ਖਰਚ ਲਗਭਗ ਜ਼ੀਰੋ ਹੈ।



*ਨਾਰੀਅਲ ਦੀ ਨਰਸਰੀ ਨੂੰ ਸੁਰੱਖਿਅਤ ਤਰੀਕੇ ਨਾਲ ਹਟਾਉਂਦੇ ਹੋਏ*

**ਕਲਪਵ੍ਰਿਕਸ਼ ਵਿੱਚ ਕੁਦਰਤੀ ਪ੍ਰਚੁਰਤਾ**: ਭਾਸਕਰ ਸਾਵੇ ਦੇ ਬਗੀਚੇ ਦੇ ਗੇਟ ਤੋਂ ਅੰਦਰ ਜਾਣ 'ਤੇ ਲਗਭਗ 20 ਕਦਮ ਚੱਲਣ ਤੋਂ ਬਾਅਦ ਇੱਕ ਬੋਰਡ ਲੱਗਿਆ ਹੈ, ਜਿਸ ਉੱਪਰ ਲਿਖਿਆ ਹੈ -"ਪ੍ਰਕ੍ਰਿਤੀ ਦਾ ਮੂਲਭੂਤ ਨਿਯਮ ਆਪਸੀ ਸਹਿਯੋਗ ਹੈ।" ਜੋ ਜੈਵਿਕ ਖੇਤੀ ਦੇ ਦਰਸ਼ਨ ਅਤੇ ਅਭਿਆਸਾਂ ਦਾ ਇੱਕ ਸਰਲ ਅਤੇ ਸੰਖੇਪ ਪਰਿਚੈ ਹੈ। ਇਸਤੋਂ ਅੱਗੇ ਬਗੀਚੇ ਵਿੱਚ ਜਿਵੇਂ-ਜਿਵੇਂ ਅੰਦਰ ਚਲਦੇ ਜਾਓਗੇ, ਹੋਰ ਬਹੁਤ ਸਾਰੇ ਵਿਚਾਰਯੋਗ ਸੂਤਰ, ਸੂਤਰ ਵਾਕ ਤੁਹਾਡਾ ਧਿਆਨ ਆਪਣੇ ਵੱਲ ਖਿੱਚਣਗੇ। ਭੋਜਨ ਦੀ ਉਸ ਅਸਾਧਾਰਣ ਫਸਲ ਤੋਂ ਇਲਾਵਾ ਕੁਦਰਤ, ਖੇਤੀ, ਸਿਹਤ, ਸੰਸਕ੍ਰਿਤੀ ਅਤੇ ਅਧਿਆਤਮਕਤਾ ਉੱਪਰ ਆਧਾਰਿਤ ਇਹਨਾਂ ਸਾਰੇ ਸੂਤਰ ਵਾਕਾਂ ਵਿੱਚ ਭਾਸਕਰ ਭਾਈ ਦਾ ਸਾਲਾਂ ਦਾ ਇਕੱਠਾ ਕੀਤਾ ਗਿਆ ਅਨੁਭਵ/ਗਿਆਨ ਸ਼ਾਮਿਲ ਹੈ।

ਕਲਪਵ੍ਰਿਕਸ਼ ਆਪਣੀ ਉੱਚ ਉਪਜ ਦੇ ਲਈ ਕਿਸੇ ਦਾ ਵੀ ਧਿਆਨ ਆਪਣੇ ਵੱਲ ਖਿੱਚਦਾ ਹੈ ਅਤੇ ਇਹ ਕਿਸੇ ਵੀ ਰਸਾਇਣਾਂ ਦਾ ਪ੍ਰਯੋਗ ਕਰਕੇ ਆਧੁਨਿਕ ਖੇਤੀ ਤੋਂ ਪ੍ਰਾਪਤ ਉਪਜ ਨੂੰ ਮਾਤ ਦਿੰਦਾ ਹੈ। ਇਹ ਹਰ ਸਮੇਂ ਆਸਾਨੀ ਨਾਲ ਦੇਖਿਆ ਜਾ ਸਕਦਾ ਹੈ। ਹਰੇਕ ਰੁੱਖ ਤੋਂ ਪ੍ਰਾਪਤ ਹੋਣ ਵਾਲੀ ਨਾਰੀਅਲਾਂ ਦੀ ਸੰਖਿਆ ਸ਼ਾਇਦ ਪੂਰੇ ਦੇਸ਼ ਵਿੱਚ ਸਭ ਤੋਂ ਜ਼ਿਆਦਾ ਹੈ। ਕੁੱਝ ਰੁੱਖ ਇੱਕ ਸਾਲ ਵਿੱਚ 400 ਤੋਂ ਵੀ ਜ਼ਿਆਦਾ ਨਾਰੀਅਲ ਦੀ ਉਪਜ ਦਿੰਦੇ ਹਨ ਜਦੋਂਕਿ ਔਸਤ 350 ਦੇ ਕਰੀਬ ਹੈ। ਇਸੇ ਤਰ੍ਹਾਂ ਲਗਭਗ 40-45 ਸਾਲ ਪਹਿਲਾਂ ਪ੍ਰਚੁਰ ਮਾਤਰਾ ਵਿੱਚ ਚੀਕੂ ਦੇ ਪੌਦੇ ਲਗਾਏ ਗਏ ਸਨ ਜਿਸਤੋਂ ਹਰੇਕ ਸਾਲ ਪ੍ਰਤਿ ਰੁੱਖ ਲਗਭਗ 300 ਕਿਲੋਗ੍ਰਾਮ ਸਵਾਦੀ ਫ਼ਲ ਮਿਲਦੇ ਹਨ।

ਇਸਤੋਂ ਇਲਾਵਾ ਬਾਗ ਵਿੱਚ ਬਹੁਤ ਸੰਖਿਆ ਵਿੱਚ ਕੇਲੇ, ਪਪੀਤਾ ਅਤੇ ਸੁਪਾਰੀ ਦੇ ਪੌਦੇ ਲਗਾਏ ਹੋਏ ਹਨ। ਨਾਲ ਹੀ ਕੁੱਝ ਮਾਤਰਾ ਵਿੱਚ *ਖਜੂਰ, ਸੁਹੰਜਨਾ, ਅੰਬ, ਕਟਹਲ, ਤਾੜ, ਸੀਤਾਫਲ, ਜਾਮੁਨ, ਅਮਰੂਦ, ਅਨਾਰ, ਨਿੰਬੂ, ਚਕੋਤਰਾ, ਮਹੂਆ, ਇਮਲੀ, ਨਿੰਮ, ਗੂਲਰ* ਦੇ ਰੁੱਖ ਲੱਗੇ ਹੋਏ ਹਨ। ਇਸਦੇ ਨਾਲ ਹੀ ਬਾਂਸ ਅਤੇ ਹੋਰ ਛੋਟੀਆਂ ਝਾੜੀਆਂ ਜਿਵੇਂ ਕੜੀ ਪੱਤਾ, ਕ੍ਰੋਟਨ, ਤੁਲਸੀ ਆਦਿ ਦੇ ਇਲਾਵਾ ਕਾਲੀ ਮਿਰਚ , ਪਾਨਪੱਤਾ, ਕ੍ਰਿਸ਼ਨਾਫਲ ਆਦਿ ਵੀ ਲੱਗੇ ਹੋਏ ਹਨ।

ਚੌਲਾਂ ਦੀ ਇੱਕ ਲੰਬੀ, ਸਵਾਦੀ ਅਤੇ ਉੱਚ ਉਪਜ ਦੇਣ ਵਾਲੀ ਪ੍ਰਜਾਤੀ ਨਵਾਬੀ ਕਾਲਮ, ਕਈ ਪ੍ਰਕਾਰ ਦੀਆਂ ਦਾਲਾਂ, ਕਣਕ ਅਤੇ ਕੁੱਝ ਸਬਜ਼ੀਆਂ ਅਤੇ ਕੰਦਮੂਲ ਆਦਿ ਵੀ ਉਹਨਾਂ ਦੇ ਦੋ ਏਕੜ ਖੇਤ ਵਿੱਚ ਮੌਸਮੀ ਚੱਕਰ ਅਨੁਸਾਰ ਉਗਾਈ ਜਾਂਦੀ ਹੈ। ਇਸ ਪ੍ਰਕਾਰ ਇਹਨਾਂ ਦੇ ਖੇਤਾਂ ਵਿੱਚੋਂ ਏਨਾ ਕੁੱਝ ਮਿਲ ਜਾਂਦਾ ਹੈ, ਜੋ ਇਸ ਸਵ-ਸਥਾਈ ਕਿਸਾਨ ਦੇ ਪਰਿਵਾਰ ਅਤੇ ਕਦੇ-ਕਦੇ ਆਉਣ ਵਾਲੇ ਮਹਿਮਾਨਾਂ ਦੇ ਲਈ ਕਾਫ਼ੀ ਹੁੰਦਾ ਹੈ। ਜ਼ਿਆਦਾਤਰ ਸਾਲਾਂ ਵਿੱਚ, ਆਪਣੇ ਉਪਭੋਗ ਤੋਂ ਜ਼ਿਆਦਾ ਚਾਵਲ ਹੋਣ 'ਤੇ ਇਹ ਉਸਨੂੰ ਆਪਣੇ ਰਿਸ਼ਤੇਦਾਰਾਂ ਅਤੇ ਮਿੱਤਰਾਂ ਨੂੰ ਦੇ ਦਿੰਦੇ ਹਨ, ਜੋ ਇਸਦੀ ਵਧੀਆ ਸੁਗੰਧ ਅਤੇ ਗੁਣਵੱਤਾ ਦੀ ਪ੍ਰਸ਼ੰਸਾ ਕਰਦੇ ਹਨ।

ਭਾਸਕਰ ਸਾਵੇ ਦੇ ਖੇਤ ਵਿੱਚ ਵਿਭਿੰਨ ਪ੍ਰਕਾਰ ਦੇ ਪੌਦੇ ਸੰਘਣੀ ਬਨਸਪਤੀ ਦੇ ਇੱਕ ਮਿਸ਼੍ਰਿਤ, ਸੁਮੇਲ ਭਾਈਚਾਰੇ ਦੇ ਰੂਪ ਵਿੱਚ ਇਕੱਠੇ ਪਾਏ ਜਾਂਦੇ ਹਨ। ਸ਼ਾਇਦ ਹੀ ਕਦੇ ਉਹਨਾਂ ਦੀ ਜ਼ਮੀਨ ਦਾ ਕਈ ਛੋਟਾ ਜਿਹਾ ਟੁਕੜਾ ਸੂਰਜ, ਹਵਾ ਜਾਂ ਵਰਖਾ ਦੇ ਸਿੱਧੇ ਸੰਪਰਕ ਵਿੱਚ ਆਉਂਦਾ ਹੋਵੇ। ਚੀਕੂ ਦੇ ਰੁੱਖਾਂ ਦੀ ਸੰਘਣੀ ਛਾਂ ਹੇਠ ਮਿੱਟੀ ਨੂੰ ਢਕਦਿਆਂ ਪੱਤਿਆਂ ਨੇ ਇੱਕ ਗੱਦੇਦਾਰ ਕਾਰਪੈੱਟ ਵਿਛਾ ਰੱਖਿਆ ਹੈ ਜਦੋਂਕਿ ਜਿੱਥੇ ਵੀ ਸੂਰਜ ਦੀ ਥੋੜ੍ਹੀ ਜਿਹੀ ਰੌਸ਼ਨੀ ਪਹੁੰਚਦੀ ਹੈ ਉੱਥੇ ਕੁੱਝ ਨਦੀਨ ਉੱਗ ਆਉਂਦੇ ਹਨ।

ਜ਼ਮੀਨ ਉੱਪਰ ਮੋਟਾ ਕਵਰ ਮਿੱਟੀ ਦੇ ਸੂਖਮ- ਜਲਵਾਯੂ ਦਾ ਅਤਿ ਉੱਤਮ ਸੰਚਾਲਕ ਹੈ ਜਿਸ ਬਾਰੇ ਭਾਸਕਰ ਸਾਵੇ ਸਭ ਤੋਂ ਜ਼ਿਆਦਾ ਜ਼ੋਰ ਦਿੰਦੇ ਹਨ ਅਤੇ ਜੋ ਖੇਤੀ ਵਿੱਚ ਸਭ ਤੋਂ ਵੱਧ ਮਹੱਤਵਪੂਰਨ ਹੈ। "ਗਰਮੀ ਦੇ ਗਰਮ ਦਿਨ, ਪੌਦਿਆਂ ਦੀ ਛਾਂ ਜਾਂ ਪੱਤਿਆਂ ਦਾ ਢੇਰ ਮਿੱਟੀ ਦੀ ਸਤਹਿ ਨੂੰ ਠੰਡੀ ਅਤੇ ਥੋੜ੍ਹੀ ਗਿੱਲੀ ਰੱਖਦਾ ਹੈ। ਸਰਦੀਆਂ ਦੀਆਂ ਠੰਡੀਆਂ ਰਾਤਾਂ ਵਿੱਚ ਇਹ ਕਵਰ ਕਿਸੇ ਕੰਬਲ ਵਾਂਗ ਕੰਮ ਕਰਦਾ ਹੈ ਅਤੇ ਗਰਮੀ ਪ੍ਰਦਾਨ ਕਰਦਾ ਹੈ। ਸੰਘਣੀ ਬਨਸਪਤੀ ਹੇਠ ਹੀ ਨਮੀ ਸਭ ਤੋਂ ਵੱਧ ਹੁੰਦੀ ਹੈ ਅਤੇ ਵਾਸ਼ਪਨ ਬਹੁਤ ਹੀ ਘੱਟ ਹੁੰਦਾ ਹੈ। ਨਤੀਜੇ ਵਜੋਂ ਸਿੰਚਾਈ ਦੀ ਬਹੁਤ ਹੀ ਘੱਟ ਲੋੜ ਹੁੰਦੀ ਹੈ। ਬਹੁਤ ਸਾਰੇ ਮਿੱਤਰ ਕੀੜੇ ਅਤੇ ਮਿੱਟੀ ਦੇ ਸੂਖਮ ਜੀਵ ਇਹਨਾਂ ਹਾਲਾਤਾਂ ਵਿੱਚ ਹੀ ਵਧਦੇ-ਫੁੱਲਦੇ ਹਨ।

ਦਸ ਏਕੜ ਦੇ ਬਾਗ ਨੇ ਲਗਾਤਾਰ ਔਸਤਨ 15 ਹਜ਼ਾਰ ਕਿਲੋਗ੍ਰਾਮ ਪ੍ਰਤਿ ਏਕੜ ਪ੍ਰਤਿ ਸਾਲ ਝਾੜ ਦਿੱਤਾ ਹੈ। (ਪਿੱਛਲੇ 15-20 ਸਾਲਾਂ ਦੌਰਾਨ ਖੇਤਰ ਵਿੱਚ ਵਧਦੇ ਉਦਯੋਗਿਕ ਪ੍ਰਦੂਸ਼ਣ ਕਰਕੇ ਝਾੜ ਕੁੱਝ ਘਟਿਆ ਹੈ।) ਪੌਸ਼ਟਿਕਤਾ ਦੇ ਮਾਪਦੰਡ ਉੱਪਰ ਇਹ ਪੰਜਾਬ, ਹਰਿਆਣਾ ਅਤੇ ਭਾਰਤ ਦੇ ਹੋਰ ਰਾਜਾਂ ਵਿੱਚ ਰਸਾਇਣਿਕ ਖਾਦਾਂ, ਕੀਟਨਾਸ਼ਕਾਂ ਦਾ ਇਸਤੇਮਾਲ ਕਰਕੇ ਉਗਾਏ ਭੋਜਨ ਦੇ ਮੁਕਾਬਲੇ ਕਈ ਗੁਣਾ ਉੱਤਮ ਗੁਣਵੱਤਾ ਵਾਲਾ ਹੈ।

**ਕੁਦਰਤ ਦੇ ਗੁਡਾਈ ਅਤੇ ਉਪਜਾਊ ਸ਼ਕਤੀ ਨਿਰਮਾਤਾ :** ਇਹ ਬਿਨਾਂ ਕਿਸੇ ਕਾਰਨ ਤੋਂ ਨਹੀ ਸੀ ਕਿ ਇੱਕ ਸਦੀ ਪਹਿਲਾ ਚਾਰਲਿਸ ਡਾਰਵਿਨ ਨੇ ਇਹ ਘੋਸ਼ਣਾ ਕੀਤੀ ਸੀ : ਇਸ ਉੱਪਰ ਸ਼ੱਕ

ਕੀਤਾ ਜਾ ਸਕਦਾ ਹੈ ਕਿ ਕੀ ਸ਼ਅਜਿਹੇ ਹੋਰ ਵੀ ਕਈ ਜੀਵ ਸਨ ਜਿੰਨ੍ਹਾਂ ਨੇ ਵਿਸ਼ਵ ਇਤਿਹਾਸ ਵਿੱਚ ਓਨੀ ਮਹੱਤਵਪੂਰਨ ਭੂਮਿਕਾ ਨਿਭਾਈ ਜਿੰਨੀ ਕਿ ਗੰਡੋਇਆਂ ਨੇ। ਭਾਸਕਰ ਸਾਵੇ ਪੁਸ਼ਟੀ ਕਰਦੇ ਹਨ "ਇੱਕ ਕਿਸਾਨ ਜੋ ਗੰਡੋਇਆਂ ਅਤੇ ਮਿੱਟੀ ਦੇ ਹੋਰ ਜੀਵਾਂ ਨੂੰ ਵਧਣ ਵਿੱਚ ਸਹਾਇਤਾ ਕਰਦਾ ਹੈ, ਉਹ ਆਪਣੀ ਖੁਸ਼ਹਾਲੀ ਦੇ ਰਾਹ ਉੱਪਰ ਵਧ ਰਿਹਾ ਹੈ।" ਮਿੱਟੀ ਵਿੱਚ ਰਹਿਣ ਵਾਲੇ ਹੋਰ ਕਈ ਜੀਵ ਜਿਵੇਂ ਕੀੜੀਆਂ, ਦੀਮਕ, ਸੂਖਮ ਜੀਵਾਂ ਦੀਆਂ ਕਈ ਕਿਸਮਾਂ ਇਸੇ ਤਰ੍ਹਾ ਮਿੱਟੀ ਦੀ ਭੌਤਿਕ ਸਥਿਤੀ ਅਤੇਪੌਦਿਆਂ ਦੇ ਪੌਸ਼ਟਿਕ ਤੱਤਾਂ ਦੀ ਰੀਸਾਈਕਲਿੰਗ ਵਿੱਚ ਮੱਦਦ ਕਰਦੇ ਹਨ ਅਤੇ ਇਸੇ ਤਰ੍ਹਾ ਦੇ ਜੀਵ ਕਲਪਵ੍ਰਿਕਸ਼ ਜਿਹੇ ਖੇਤਾਂ ਵਿੱਚ ਚੱਪੇ-ਚੱਪੇ 'ਤੇ ਮੌਜੂਦ ਹਨ।

ਇਸਦੇ ਬਿਲਕੁਲ ਉਲਟ, ਆਧੁਨਿਕ ਖੇਤੀ ਕ੍ਰਿਆਵਾਂ ਮਿੱਟੀ ਦੀ ਜੈਵਿਕ ਜਿੰਦਗੀ ਲਈ ਵਿਨਾਸ਼ਕਾਰੀ ਸਿੱਧ ਹੋਈਆਂ ਹਨ। ਮਿੱਟੀ ਦੀ ਕੁਦਰਤੀ ਉਪਜਾਊ ਸ਼ਕਤੀ ਨੂੰ ਖਤਮ ਕਰਕੇ, ਅਸੀ ਅਸਲ ਵਿੱਚ ਬਾਹਰੀ ਨਿਵੇਸ਼ਾਂ/ਉਤਪਾਦਾਂ ਲਈ ਅਤੇ ਬੇਲੋੜੀ ਮਿਹਨਤ-ਮਜਦੂਰੀ ਦੀ ਹੋਰ-ਹੋਰ ਦੀ ਬਨਾਵਟੀ ਲੋੜ ਘੜਦੇ ਹਾਂ ਜਦੋਂਕਿ ਨਤੀਜੇ ਖਰਾਬ ਮਿਲਣ ਦੇ ਨਾਲ-ਨਾਲ ਹਰ ਪ੍ਰਕਾਰ ਨਾਲ ਮਹਿੰਗੇ ਵੀ ਪੈਂਦੇ ਹਨ। ਭਾਸਕਰ ਸਾਵੇ ਜ਼ੋਰ ਦਿੰਦਿਆਂ ਦੱਸਦੇ ਹਨ, "ਜਿੰਦਾ ਮਿੱਟੀ ਇੱਕ ਕੁਦਰਤੀ ਏਕਤਾ ਹੈ ਅਤੇ ਇਹ ਜਿੰਦਗੀ ਦਾ ਇੱਕ ਜਾਲ ਹੈ ਜਿਸਦੀ ਰੱਖਿਆ ਕਰਨਾ ਅਤੇ ਪਾਲਣਾ ਸਾਡਾ ਫਰਜ਼ ਹੈ। ਇਸਦੇ ਲਈ ਜੈਵਿਕ ਖੇਤੀ ਹੀ ਇੱਕ ਰਸਤਾ ਹੈ।"

**ਨਦੀਨ ਸਾਡੇ ਮਿੱਤਰ** : "ਕੁਦਰਤ ਵਿੱਚ, ਹਰੇਕ ਨਿਮਾਣਾ ਜੀਵ ਅਤੇ ਪੌਦਾ ਇਸ ਪ੍ਰਕ੍ਰਿਤੀ ਤੰਤਰ ਵਿੱਚ ਆਪਣੀ ਭੂਮਿਕਾ ਨਿਭਾਉਂਦਾ ਹੈ। ਹਰ ਕੋਈ ਇਸ ਭੋਜਨ ਲੜੀ ਵਿੱਚ ਵੱਖ ਨਾ ਕੀਤਾ ਜਾ ਸਕਣ ਵਾਲਾ ਹਿੱਸਾ ਹੈ।"

ਖੇਤ ਵਿੱਚ ਫਸਲਾਂ ਵਿਚਕਾਰ ਨਦੀਨਾਂ ਦੇ ਫੈਲਣ ਦਾ ਇੱਕੋ-ਇੱਕ ਸਮਝਦਾਰੀ ਭਰਿਆ ਅਤੇ ਸਥਾਈ ਇਲਾਜ ਹੈ - ਮਿਸ਼ਿ੍ਤ ਖੇਤੀ ਅਤੇ ਫਸਲੀ ਚੱਕਰ ਜਦੋਂਕਿ ਰਸਾਇਣਾਂ ਨੂੰ ਅਤੇ ਡੂੰਘੀ ਜੁਤਾਈ ਨੂੰ ਬੰਦ ਕਰ ਦੇਣਾ ਚਾਹੀਦਾ ਹੈ। ਜਿਵੇਂ-ਜਿਵੇਂ ਮਿੱਟੀ ਦੀ ਸਿਹਤ ਸੁਧਰਦੀ ਜਾਵੇਗੀ, ਸਮੱਸਿਆ ਪੈਦਾ ਕਰਨ ਵਾਲੇ ਨਦੀਨ ਵੀ ਹੌਲੀ-ਹੌਲੀ ਖਤਮ ਹੋ ਜਾਣਗੇ ਪਰ ਫਿਰ ਵੀ ਸਿਹਤ ਸੁਧਰਨ ਦੀ ਇਸ ਮਿਆਦ ਦੌਰਾਨ ਵੀ ਉਹਨਾਂ ਦੇ ਵਧਣ ਦਾ ਡਰ ਰਹਿੰਦਾ ਹੈ। ਇਸ ਦੇ ਪ੍ਰਬੰਧਨ ਲਈ ਸਮੇਂ-ਸਮੇਂ ਸਿਰ ਨਦੀਨਾਂ ਨੂੰ ਉਹਨਾਂ ਨੂੰ ਫੁੱਲ ਪੈਣ ਤੋਂ ਪਹਿਲਾਂ ਕੱਟਦੇ ਰਹਿਣਾ ਚਾਹੀਦਾ ਹੈ ਅਤੇ ਜ਼ਮੀਨ ਉੱਪਰ 3-4 ਇੰਚ ਦੀ ਮੋਟੀ ਤਹਿ ਵਾਂਗ ਉਹਨਾਂ ਨੂੰ ਫਸਲ ਹੇਠ ਵਿਛਾ ਦੇਣਾ ਚਾਹੀਦਾ ਹੈ। ਇਸ ਤਰ੍ਹਾ ਜਦ ਧਰਤੀ 'ਚ ਦੱਬੇ ਨਦੀਨਾਂ ਦੇ ਬੀਜਾਂ ਤੱਕ ਸੂਰਜ ਦੀ ਰੌਸ਼ਨੀ ਦੀ ਪਹੁੰਚ ਨੂੰ ਰੋਕ ਕੇ ਇਹਨਾਂ ਦੀ ਅੱਗੇ ਦੀ ਜ਼ਰਮੀਨੇਸ਼ਨ ਨੂੰ ਰੋਕਿਆ ਜਾ ਸਕਦਾ ਹੈ।

ਜਦੋਂ ਕਿਸਾਨ ਜੈਵਿਕ ਖੇਤੀ ਨੂੰ ਅਪਣਾਉਂਦੇ ਹਨ ਤਾਂ ਸਾਲ ਦਰ ਸਾਲ ਉਹਨਾਂ ਦੀ ਮਿੱਟੀ ਦੀ ਸਿਹਤ ਸੁਧਰਦੀ ਜਾਂਦੀ ਹੈ। ਇਸ ਤਰ੍ਹਾ, ਫਸਲ ਦਾ ਵਿਕਾਸ ਵਧੀਆ ਹੁੰਦਾ ਹੈ ਜਦੋਂਕਿ ਨਦੀਨਾਂ ਦਾ ਵਾਧਾ ਘਟਦਾ ਜਾਂਦਾ ਹੈ। ਸਿਰਫ 2-3 ਸਾਲਾਂ ਵਿੱਚ ਨਦੀਨਾਂ ਦੀ ਗੁਡਾਈ ਕਰਨ ਦੀ ਕੋਈ ਲੋੜ ਨਹੀਂ ਰਹਿੰਦੀ। ਤਦ ਤੱਕ, ਕਿਸਾਨਾਂ ਨੂੰ ਨਦੀਨਾਂ ਨੂੰ ਕੱਟ ਕੇ ਜ਼ਮੀਨ ਉੱਪਰ ਉਹਨਾਂ ਦੀ ਮਲਚਿੰਗ ਕਰਦੇ ਰਹਿਣਾ ਚਾਹੀਦਾ ਹੈ।

### ਕੁਦਰਤ ਦੇ ਅਨੁਕੂਲ ਖੇਤੀ ਦੇ ਸਿਧਾਂਤ

"ਕੁਦਰਤੀ ਖੇਤੀ ਤੇ 4 ਮੁੱਖ ਸਿਧਾਂਤਾਂ ਵਿੱਚ ਸੱਭ ਨੂੰ ਬਰਾਬਰ ਜਿਉਂਣ ਦਾ ਹੱਕ ਮੁੱਖ ਹੈ।

ਦੂਜਾ ਸਿਧਾਂਤ ਅਜਿਹੇ ਅਧਿਕਾਰ ਦੇ ਸਨਮਾਨ ਲਈ ਖੇਤੀ ਅਹਿੰਸਕ ਹੋਣੀ ਚਾਹੀਦੀ ਹੈ ਅਤੇ ਜਿੰਦਗੀ ਦੇ ਤਾਣੇ ਬਾਣੇ ਵਿੱਚ ਕੋਈ ਉਦੇਸ਼ ਪੂਰਾ ਕਰਨ ਵਾਲੀ ਹੋਣੀ ਚਾਹੀਦੀ ਹੈ।

ਤੀਸਰਾ ਸਿਧਾਂਤ ਹੈ ਖੇਤੀ ਇੱਕ ਧਰਮ ਹੈ, ਕੁਦਰਤ ਅਤੇ ਸਾਥੀ ਜੀਵਾਂ ਦੀ ਸੇਵਾ ਕਰਨ ਦਾ ਇੱਕ ਪਵਿੱਤਰ ਮਾਰਗ ਹੈ। ਇਸ ਲਈ ਇਸ ਨੂੰ ਸਿਰਫ ਇੱਕ ਧੰਦਾ ਜਾਂ ਪੈਸੇ ਕਮਾਉਣ ਵਾਲਾ ਪੇਸ਼ਾ ਨਹੀ ਸਮਝ ਲੈਣਾ ਚਾਹੀਦਾ। ਥੋੜੇ ਸਮੇਂ ਲਈ ਜਿਆਦਾ ਕਮਾਉਣ ਦਾ ਲਾਲਚ, ਕੁਦਰਤ ਦੇ ਨਿਯਮਾਂ ਨੂੰ ਨਜਰ ਅੰਦਾਜ਼ ਕਰਨਾ ਅੱਜ ਉਹਨਾਂ ਸਾਰੀਆਂ ਸੱਮਸਿਆਵਾਂ ਦੀ ਜੜ੍ਹ ਹੈ ਜੋ ਅਸੀਂ ਝੱਲ ਰਹੇ ਹਾਂ।

ਚੌਥਾ ਸਦੀਵੀ ਉਪਜਾਊ ਸ਼ਕਤੀ ਦੇ ਪੁਨਰ ਜਨਮ ਦਾ ਸਿਧਾਂਤ ਹੈ। ਇਸ ਸਿਧਾਂਤ ਅਨੁਸਾਰ ਸਾਡਾ ਮਨੁੱਖਾਂ ਦਾ ਸਿਰਫ ਉਨ੍ਹਾਂ ਹੀ ਫਸਲਾਂ ਦੇ ਫਲਾਂ ਅਤੇ ਬੀਜਾਂ ਉੱਪਰ ਅਧਿਕਾਰ ਹੈ ਜੋ ਅਸੀਂ ਉਗਾਉਂਦੇ ਹਾਂ। ਇਸ ਵਿੱਚ ਪੌਦਿਆਂ ਦੀ ਬਾਇਓਮਾਸ ਉਪਜ ਦਾ 5% ਤੋਂ 15% ਸ਼ਾਮਿਲ ਹੈ। ਬਾਕੀ 85% ਤੋਂ 95% ਬਾਇਓਮਾਸ ਮਿੱਟੀ ਦੀ ਉਪਜਾਊ ਸ਼ਕਤੀ ਵਧਾਉਣ ਲਈ ਮਿੱਟੀ ਵਿੱਚ ਵਾਪਿਸ ਜਾਣਾ ਚਾਹੀਦਾ ਹੈ। ਇਹ ਜਾਂ ਤਾਂ ਮਲਚਿੰਗ ਦੇ ਰੂਪ ਵਿੱਚ ਜਾਂ ਜਾਨਵਰਾਂ ਦੀ ਗੋਬਰ ਖਾਦ ਦੇ ਰੂਪ ਵਿੱਚ ਖੇਤ ਵਿੱਚ ਜਾਣਾ ਚਾਹੀਦਾ ਹੈ। ਜੇਕਰ ਇਸ ਦੀ ਚੰਗੀ ਤਰ੍ਹਾਂ ਪਾਲਣਾ ਕੀਤੀ ਜਾਵੇ ਤਾਂ ਖੇਤ ਵਿੱਚ ਬਾਹਰੋਂ ਕੁੱਝ ਵੀ ਪਾਉਣ ਦੀ ਲੋੜ ਨਹੀਂ ਜ਼ਮੀਨ ਦੀ ਉਪਜਾਊ ਸ਼ਕਤੀ ਵੀ ਨਹੀਂ ਘਟੇਗੀ।



*ਦਰਖੱਤ ਦੇ ਸੁਕੇ ਪੱਤੇ ਕੁਦਰਤੀ ਮਲਚਿੰਗ ਦਾ ਕੰਮ ਕਰਦੇ ਹਨ*

ਜ਼ਮੀਨ ਦੀ ਸਤ੍ਹਾ ਉਪਰ ਨਦੀਨਾਂ ਨੂੰ ਕੱਟਣਾ- ਬਿਨਾਂ ਜੜ੍ਹਾਂ ਨੂੰ ਛੇੜਿਆਂ- ਅਤੇ ਫਿਰ ਇਹਨਾਂ ਨਾਲ ਮਲਚਿੰਗ ਕਰਨਾ ਮਿੱਟੀ ਦੀ ਕਈ ਤਰੀਕਿਆਂ ਨਾਲ ਮੱਦਦ ਕਰਦਾ ਹੈ।ਮਲਚਿੰਗ ਨਾਲ ਮਿੱਟੀ ਦਾ ਹਵਾ-ਪਾਣੀ ਨਾਲ ਹੋਣ ਵਾਲਾ ਕਟਾਅ ਰੁਕਦਾ ਹੈ, ਘੱਟ ਸੰਕੁਚਨ, ਘੱਟ ਵਾਸ਼ਪੀਕਰਨ ਅਤੇ ਸਿੰਚਾਈ ਦੀ ਘੱਟ ਲੋੜ ਆਦਿ ਫਾਇਦੇ ਮਿਲਦੇ ਹਨ।ਮਿੱਟੀ ਵਿੱਚ ਹਵਾ ਦਾ ਸੰਚਾਰ ਜ਼ਿਆਦਾ ਹੁੰਦਾ ਹੈ।ਮਿੱਟੀ ਵਿੱਚ ਨਮੀ ਨੂੰ ਸੋਖਣ ਦੀ ਸ਼ਕਤੀ ਵਧਦੀ ਹੈ, ਗਰਮੀ-ਸਰਦੀ ਦਾ ਅਸਰ ਘਟਦਾ ਹੈ। ਮਲਚਿੰਗ ਨਾਲ ਗੰਡੋਇਆ ਅਤੇ ਮਿੱਟੀ ਦੇ ਹੋਰ ਜੀਵਾਂ ਨੂੰ ਭੋਜਨ ਮਿਲਦਾ ਹੈ ਅਤੇ ਉਹ ਇਸਨੂੰ ਫਸਲ ਲਈ ਲੋੜੀਂਦੀ ਪੋਸ਼ਣ ਭਰਪੂਰ ਖਾਦ ਵਿੱਚ ਬਦਲ ਦਿੰਦੇ ਹਨ। ਇਸ ਤੋਂ ਇਲਾਵਾ, ਕਿਉਂਕਿ ਨਦੀਨਾਂ ਦੀਆਂ ਜੜ੍ਹਾਂ ਮਿੱਟੀ ਵਿੱਚ ਹੀ ਛੱਡ ਦਿੱਤੀਆਂ ਹਨ, ਉਹ ਮਿੱਟੀ ਨੂੰ ਬੰਨ ਕੇ ਰੱਖਦੀਆਂ ਹਨ ਅਤੇ ਇਹ ਮਿੱਟੀ ਦੇ ਜੀਵਨ ਵਿੱਚ ਉਸੇ ਤਰ੍ਹਾ ਸਹਾਇਤਾ ਕਰਦੀਆਂ ਹਨ ਜਿਵੇਂ ਇਹ ਸਤ੍ਹਾ ਉੱਪਰ ਮਲਚਿੰਗ ਦੇ ਰੂਪ ਵਿੱਚ ਕਰਦੀਆਂ ਹਨ। ਜਦੋਂ ਇਹ ਮ੍ਰਿਤ ਜੜ੍ਹਾਂ ਖਰਾਬ ਹੋ ਜਾਂਦੀਆਂ ਹਨ ਉਦੋਂ ਇਹ ਮਿੱਟੀ ਦੇ ਜੀਵਾਂ ਲਈ ਭੋਜਨ ਬਣ ਜਾਂਦੀਆਂ ਹਨ।

ਇੱਥੇ ਇਹ ਵੀ ਸਮਝਣਾਂ ਜਰੂਰੀ ਹੈ ਕਿ ਇਹਨਾਂ ਨਦੀਨਾਂ ਦੀ ਛੰਗਾਈ ਅਤੇ ਮਲਚਿੰਗ ਇਹਨਾਂ ਵਿੱਚ ਫੁੱਲ ਅਤੇ ਪਰਾਗ ਆਉਣ ਤੋਂ ਪਹਿਲਾ ਕੀਤੀ ਜਾਣੀ ਜਰੂਰੀ ਹੈ। ਜੇਕਰ ਕਿਸਾਨ ਬਹੁਤ ਲੇਟ ਹੋ ਜਾਂਦਾ ਹੈ ਅਤੇ ਜੇਕਰ ਮਲਚਿੰਗ ਵਿੱਚ ਨਦੀਨਾਂ ਦੇ ਬੀਜ ਆ ਜਾਂਦੇ ਹਨ ਤਾਂ ਫਿਰ ਇਹਨਾਂ ਮਲਚਿੰਗ ਵਾਲੇ ਖੇਤਰਾਂ ਵਿੱਚ ਇਹ ਨਦੀਨ ਫਿਰ ਉੱਗ ਆਉਂਦੇ ਹਨ।ਸੋ ਇਹਨਾਂ ਦੀ ਛੰਗਾਈ ਦਾ ਸਮਾਂ ਬਹੁਤ ਹੀ ਮਹੱਤਵਪੂਰਨ ਹੈ।

## ਕੁਝ ਨਾ ਕਰਨਾ?

ਜਦੋਂਕਿ ਜੈਵਿਕ ਖੇਤ ਵਿੱਚ ਆਧੁਨਿਕ ਖੇਤ ਦੇ ਮੁਕਾਬਲੇ ਸ਼ਰੀਰਕ ਕੰਮ ਘੱਟ ਹੁੰਦਾ ਹੈ ਪਰ ਨਿਯਮਿਤ ਰੂਪ ਵਿੱਚ ਸਜਗ ਰਹਿ ਕੇ ਧਿਆਨ ਦੇਣਾ ਪੈਂਦਾ ਹੈ। ਇਸ ਲਈ ਕਹਾਵਤ ਹੈ, “ਕਿਸਾਨ ਦੇ ਕਦਮ ਹੀ ਉਸਦੀ ਫਸਲ ਲਈ ਸਭ ਤੋਂ ਵਧੀਆ ਖਾਦ ਹਨ।” ਰੁੱਖਾਂ ਦੇ ਮਾਮਲੇ ਵਿੱਚ, ਇਹ ਸ਼ੁਰੂਆਤੀ ਕੁੱਝ ਸਾਲਾਂ ਲਈ ਬਹੁਤ ਹੀ ਮਹੱਤਵਪੂਰਨ ਹੈ। ਹੌਲੀ-ਹੌਲੀ ਜਦੋਂ ਉਹ ਸੰਭਲ ਜਾਂਦੇ ਹਨ ਅਤੇ ਆਤਮ ਨਿਰਭਰ ਹੋ ਜਾਂਦੇ ਹਨ ਤਾਂ ਕਿਸਾਨ ਦਾ ਕੰਮ ਬਹੁਤ ਘਟ ਜਾਂਦਾ ਹੈ, ਆਖਰਕਾਰ ਵਾਢੀ ਨੂੰ ਛੱਡ ਕੇ ਕੁੱਝ ਵੀ ਕਰਨ ਦੀ ਲੋੜ ਨਹੀ ਰਹਿੰਦੀ। ਭਾਸਕਰ ਸਾਵੇ ਜੀ ਨੇ ਨਾਰੀਅਲ ਦੇ ਮਾਮਲੇ ਵਿੱਚ ਵਾਢੀ ਨੂੰ ਵੀ ਛੱਡ ਦਿੱਤਾ। ਉਹ ਨਾਰੀਅਲ ਦੇ ਪੱਕਣਅਤੇ ਉਸਦੇ ਆਪਣੇ ਆਪ ਟੁੱਟ ਕੇ ਡਿੱਗਣ ਦਾ ਇੰਤਜਾਰ ਕਰਦੇ ਹਨ ਅਤੇ ਫਿਰ ਡਿੱਗੇ ਹੋਏ ਨਾਰੀਅਲਾਂ ਨੂੰ ਇਕੱਠਾ ਕਰਵਾ ਲੈਂਦੇ ਹਨ।

ਖੇਤ ਵਿੱਚ ਲਗਾਈਆਂ ਫਸਲਾਂ ਜਿਵੇਂ ਝੋਨਾ, ਕਣਕ, ਦਾਲਾਂ, ਸਬਜੀਆਂ ਆਦਿ ਨੂੰ ਸਾਲ ਦਰ ਸਾਲ ਸੰਭਾਲ ਦੀ ਲੋੜ ਰਹਿੰਦੀ ਹੈ ਜਿਸ ਨੂੰ ਨਕਾਰਿਆ ਨਹੀ ਜਾ ਸਕਦਾ। ਇਸ ਲਈ ਭਾਸਕਰ ਸਾਵੇ ਜੀ ਇਸ ਤਰ੍ਹਾ ਫਸਲ ਉਗਾਉਣ ਦੇ ਤਰੀਕੇ ਨੂੰ ਜੈਵਿਕ ਖੇਤੀ ਕਹਿੰਦੇ ਹਨ ਜਦੋਂਕਿ 'ਕੁਝ ਨਾ ਕਰਨਾ ਕੁਦਰਤੀ ਖੇਤੀ' ਸਿਰਫ਼ ਵੱਡੇ ਹੋ ਚੁੱਕੇ ਰੁੱਖਾਂ ਦੀ ਫਸਲ ਪ੍ਰਨਾਲੀ ਵਿੱਚ ਹੀ ਸੰਭਵ ਹੈ। ਹਾਲਾਂਕਿ, ਦੂਸਰੀਆਂ ਫਸਲਾਂ ਵਿੱਚ ਵੀ ਕੁਦਰਤ ਦੀ ਬੁੱਧੀਮਤਾ ਦਾ ਸਨਮਾਨ ਕਰਦਿਆਂ ਕਿਸਾਨਾਂ ਦੇ ਦਖਲ ਨੂੰ ਘੱਟ ਤੋਂ ਘੱਟ ਕੀਤਾ ਜਾ ਸਕਦਾ ਹੈ ਅਤੇ ਕੁਦਰਤ ਪ੍ਰਤਿ ਹਿੰਸਾ ਘਟਾਈ ਜਾ ਸਕਦੀ ਹੈ।

## ਖੇਤੀ ਦੀਆਂ ਪੰਜ ਚਿੰਤਾਵਾਂ

ਭਾਸਕਰ ਸਾਵੇ ਖੇਤੀ ਦੇ ਉਹਨਾਂ ਪੰਜ ਮੁੱਖ ਖੇਤਰਾਂ ਦੇ ਸੰਦਰਭ ਵਿੱਚ, ਜਿੰਨਾਂ ਨੇ ਸੰਸਾਰ ਭਰ ਦੇ ਕਿਸਾਨਾਂ ਨੂੰ ਉਲਝਾ ਰੱਖਿਆ ਹੈ, ਜੈਵਿਕ ਖੇਤੀ ਪ੍ਰਤਿ ਆਪਣੇ ਦ੍ਰਿਸ਼ਟੀਕੋਣ ਦੇ ਬਾਰੇ ਵਿੱਚ ਪ੍ਰਮੁੱਖ ਵਿਵਹਾਰਿਕ ਪਹਿਲੂਆਂ ਦਾ ਸਾਰ ਪੇਸ਼ ਕਰਦੇ ਹਨ। ਇਹ ਹਨ - ਜੁਤਾਈ, ਨਿਵੇਸ਼, ਨਿਰਾਈ, ਸਿੰਚਾਈ ਅਤੇ ਫਸਲ।

## ਜੁਤਾਈ

ਕੇਵਲ ਰੁੱਖਾਂ ਦੀ ਖੇਤੀ ਦੇ ਮਾਮਲੇ ਵਿੱਚ ਜੁਤਾਈ ਦੀ ਸਿਰਫ ਇੱਕ ਵਾਰ ਅਨੁਮਤੀ ਹੈ ਤਾਂਕਿ ਪੌਦਿਆਂ ਦੀ ਪਨੀਰੀ ਜਾਂ ਬੀਜ ਲਗਾਉਣ ਲਈ ਮਿੱਟੀ ਨੂੰ ਨਰਮ ਕੀਤਾ ਜਾ ਸਕੇ। ਬਿਜਾਈ ਤੋਂ ਬਾਅਦ, ਮਿੱਟੀ ਵਿੱਚ ਹਵਾ ਦੇ ਸੰਚਾਰ ਅਤੇ ਗੁਡਾਈ ਦਾ ਕੰਮ ਮਿੱਟੀ ਵਿੱਚ ਰਹਿਣ ਵਾਲੇ ਜੀਵਾਂ ਅਤੇ ਪੌਦਿਆਂ ਦੀਆਂ ਜੜ੍ਹਾਂ ਉੱਪਰ ਛੱਡ ਦਿੱਤਾ ਜਾਣਾ ਚਾਹੀਦਾ ਹੈ।

## ਉਪਜਾਊ ਸ਼ਕਤੀ ਲਈ ਖਾਦਾਂ

ਖੇਤ ਉੱਪਰ ਸਾਰੀਆਂ ਫਸਲਾਂ ਦੀ ਰਹਿੰਦ-ਖੂੰਹਦ ਅਤੇ ਬਾਇਓਮਾਸ ਦੀ ਰੀਸਾਈਕਲਿੰਗ ਇਸਦੀ ਨਿਰੰਤਰ ਉਪਜਾਊ ਸ਼ਕਤੀ ਨੂੰ ਬਣਾਏ ਰੱਖਣ ਲਈ ਲੋੜੀਦੀ ਹੈ। ਜਿੱਥੇ ਖੇਤ ਤੋਂ ਪ੍ਰਾਪਤ ਬਾਇਓਮਾਸ ਦੀ ਘਾਟ ਹੈ, ਉੱਥੇ ਸ਼ੁਰੂਆਤੀ ਵਿਵਸਥਾ ਦੇ ਰੂਪ ਵਿੱਚ ਜੈਵਿਕ ਖਾਦਾਂ ਦਾ ਇਸਤੇਮਾਲ ਕੀਤਾ ਜਾ ਸਕਦਾ ਹੈ। ਹਾਲਾਂਕਿ ਰਸਾਇਣਿਕ ਖਾਦਾਂ ਦਾ ਇਸਤੇਮਾਲ ਪੂਰੀ ਤਰ੍ਹਾ ਵਰਜਿਤ ਹੈ।

## ਨਦੀਨਾਂ ਦੀ ਗੁਡਾਈ

ਨਦੀਨਾਂ ਦੀ ਗੁਡਾਈ ਤੋਂ ਵੀ ਬਚਣਾ ਚਾਹੀਦਾ ਹੈ। ਇਹ ਸਿਰਫ ਉਦੋਂ ਜਰੂਰੀ ਹੈ ਜੇਕਰ ਇਹ ਫਸਲ ਨੂੰ ਉੱਪਰ ਦੀ ਪੈ ਜਾਣ, ਸੂਰਜ ਦੀ ਰੌਸ਼ਨੀ ਰੋਕਣ। ਪੂਰੀ ਸਫ਼ਾਈ ਕਰਨ ਲਈ ਇਹਨਾਂ ਨੂੰ ਪੁੱਟਣ ਦੀ ਜਗ੍ਹਾ ਇਹਨਾਂ ਨੂੰ ਫੁੱਲ ਆਉਣ ਤੋਂ ਪਹਿਲਾ ਛੰਗਾਈ ਕਰਕੇ ਇਹਨਾਂ ਦੀ ਮਲਚਿੰਗ ਕਰਕੇ ਇਹਨਾਂ ਨੂੰ ਨਿਯੰਤ੍ਰਿਤ ਕੀਤਾ ਜਾ ਸਕਦਾ ਹੈ। ਨਦੀਨਨਾਸ਼ਕਾਂ ਦੀ ਵਰਤੋਂ ਕਦੇ ਨਹੀ ਕੀਤੀ ਜਾਣੀ ਚਾਹੀਦੀ।

## ਸਿੰਚਾਈ

ਸਿੰਚਾਈ ਵੀ ਪੁਰਾਣੇ ਤਰੀਕੇ ਨਾਲ ਹੀ ਹੋਣੀ ਚਾਹੀਦੀ ਹੈ। ਮਿੱਟੀ ਦੀ ਨਮੀ ਬਣਾਏ ਰੱਖਣ ਲਈ ਜਿੰਨੀ ਸਿੰਚਾਈ ਦੀ ਲੋੜ ਹੈ, ਉਸਤੋਂ ਵੱਧ ਨਹੀ ਹੋਣੀ ਚਾਹੀਦੀ। ਪੂਰਾ ਬਨਸਪਤੀ ਕਵਰ ਅਤੇ ਮਲਚਿੰਗ ਪਾਣੀ ਦੀ ਲੋੜ ਨੂੰ ਬਹੁਤ ਹੱਦ ਤੱਕ ਘਟਾ ਦਿੰਦੇ ਹਨ।

## ਫਸਲ ਦੀ ਸੁਰੱਖਿਆ

ਫਸਲ ਦੀ ਸੁਰੱਖਿਆ ਨੂੰ ਜੈਵਿਕ ਤਰੀਕੇ ਨਾਲ ਸ਼ਿਕਾਰੀਆਂ ਦੀ ਮੱਦਦ ਨਾਲ ਕਰਨ ਲਈ ਪੂਰੀ ਤਰ੍ਹਾਂ ਕੁਦਰਤ ਉੱਪਰ ਛੱਡਿਆ ਜਾ ਸਕਦਾ ਹੈ। ਸਿਹਤਮੰਦ ਮਿੱਟੀ ਵਿੱਚ ਸਿਹਤਮੰਦ, ਜੈਵਿਕ ਤਰੀਕੇ ਨਾਲ ਉਗਾਈ ਬਹੁ-ਫਸਲੀ ਪ੍ਰਨਾਲੀ ਵਿੱਚ ਫਸਲ ਦੀ ਕੀਟਾਂ ਨਾਲ ਲੜਨ ਦੀ ਸ਼ਕਤੀ ਕੁਦਰਤੀ ਜ਼ਿਆਦਾ ਹੁੰਦੀ ਹੈ।

ਵੱਧ ਤੋਂ ਵੱਧ ਕੁੱਝ ਜੈਵਿਕ ਤਰੀਕੇ ਜਿਵੇਂ ਨਿੰਮ੍ਹ, ਗਊ ਮੂਤਰ ਆਦਿ ਵਰਤੇ ਜਾ ਸਕਦੇ ਹਨ। ਪਰ ਇਹ ਵੀ ਅਖੀਰ ਵਿੱਚ ਬੇਲੋੜਾ ਹੀ ਹੈ।

ਜੋ ਕੁਦਰਤ ਦਾ ਕੰਮ ਹੈ, ਕੁਦਰਤ ਨੂੰ ਹੀ ਸੌਂਪ ਕੇ ਅੱਜ ਦਾ ਆਧੁਨਿਕ ਕਿਸਾਨ ਆਪਣੇ ਮੋਢਿਆਂ ਉੱਪਰ ਪਿਆ ਬੇਲੋੜਾ ਬੋਝ ਘਟਾ ਸਕਦਾ ਹੈ ਅਤੇ ਇਸ ਤਰ੍ਹਾ ਮਿੱਟੀ ਵੀ ਮੁੜ ਨੌ-ਬਰ-ਨੌ ਹੋ ਜਾਵੇਗੀ।

ਭਾਸਕਰ ਸਾਵੇ ਅੱਗੇ ਕਹਿੰਦੇ ਹਨ, "ਸੱਭਿਆਚਾਰਕ ਅਤੇ ਅਧਿਆਤਮਕ ਵਿਕਾਸ ਦਾ ਜਰੂਰੀ ਤੱਤ ਅਹਿੰਸਾ ਸਿਰਫ ਜਵਿਕ ਖੇਤੀ ਰਾਹੀ ਹੀ ਸੰਭਵ ਹੈ।"

ਅੰਤ ਵਿੱਚ ਉਹ ਕਹਿੰਦੇ ਹਨ, "ਜੈਵਿਕ ਖੇਤੀ ਸਭ ਦੇ ਲਈ ਭਰਪੂਰ ਮਾਤਰਾ ਵਿੱਚ ਅੰਨ ਪ੍ਰਦਾਨ ਕਰਨ ਵਾਲੀ ਅੰਨ ਦੀ ਦੇਵੀ ਅੰਨਪੂਰਨਾ ਤੋਂ ਅਸ਼ੀਰਵਾਦ ਪ੍ਰਾਪਤ ਹੈ।"

ਇਹ ਲੇਖ ਅਰਥਕੇਅਰ ਬੁੱਕਸ ਦੁਆਰਾ ਭਰਤ ਮਨਸਾਂਟਾ ਦੁਆਰਾ ਲਿਖੀ ਪੁਸਤਕ 'ਦਿ ਵਿਜ਼ਨ ਆਫ ਨੈਚੂਰਲ ਫਾਰਮਿੰਗ' ਤੋਂ ਲਿਆ ਗਿਆ ਹੈ। www.earthcarebooks.com ●

**ਭਰਤ ਮਨਸਾਂਟਾ**
ਈਮੇਲ : **bharatmansanta@yahoo.com**

**Bhaskar Save**
**The Gandhi of Natural Farming**
**LEISA INDIA, Sept 2021**

# ਡ੍ਰੈਗਨ ਫਲ ਦੀ ਜੈਵਿਕ ਖੇਤੀ

*ਗੋਪੀ ਕਰੇਲੀਆ*

**ਪੰਜਾਬ ਦੇ ਹਰਬੰਤ ਸਿੰਘ ਨੇ ਡ੍ਰੈਗਨ ਫਲ ਅਤੇ ਚੰਦਨ ਦੀ ਖੇਤੀ ਕਰਨ ਲਈ ਜੈਵਿਕ ਖੇਤੀ ਨੂੰ ਅਪਣਾਇਆ ਕਿਉਂਕਿ ਇਹਨਾਂ ਦੀ ਖੇਤੀ ਕਰਨ ਲਈ ਪ੍ਰੰਪਰਿਕ ਫਸਲਾਂ ਦੇ ਮੁਕਾਬਲੇ ਬਹੁਤ ਘੱਟ ਪਾਣੀ ਦੀ ਲੋੜ ਹੁੰਦੀ ਹੈ।**

ਜਦੋਂ ਪੰਜਾਬ ਦੇ ਠੁੱਲੇਵਾਲ ਪਿੰਡ ਦੇ ਰਹਿਣ ਵਾਲੇ ਹਰਬੰਤ ਸਿੰਘ ਨੇ 70 ਦੇ ਦਸ਼ਕ ਵਿੱਚ ਆਪਣੇ ਪਰਿਵਾਰ ਦਾ ਪ੍ਰੰਪਰਿਕ ਕਿੱਤਾ ਖੇਤੀ ਅਪਣਾਇਆ ਤਾਂ ਪਾਣੀ 15 ਫ਼ੁੱਟ 'ਤੇ ਮਿਲ ਜਾਂਦਾ ਸੀ। ਦਸ਼ਕਾਂ ਬਾਅਦ ਜਦ ਉਸਦੇ ਪੁੱਤ ਸਤਨਾਮ ਸਿੰਘ ਨੇ ਖੇਤੀ ਸ਼ੁਰੂ ਕੀਤੀ ਤਾਂ ਪਾਣੀ 150 ਫ਼ੁੱਟ ਤੱਕ ਹੇਠਾਂ ਚਲਾ ਗਿਆ। ਇਸ ਸਭ ਦਾ ਸਿੱਧਾ ਪ੍ਰਭਾਵ ਸਿੰਘ ਪਰਿਵਾਰ ਉੱਪਰ ਪਿਆ। ਮੋਟਰਾਂ ਨਾਲ ਧਰਤੀ ਹੇਠੋਂ ਪਾਣੀ ਖਿੱਚਣ ਲਈ ਮੋਟਰ , ਟਿਊਬਵੈੱਲ ਆਦਿ ਉੱਪਰ ਆਉਣ ਵਾਲੇ ਜ਼ਿਆਦਾ ਖਰਚ ਅਤੇ ਰਸਾਇਣਿਕ ਖਾਦਾਂ ਦੀ ਜ਼ਿਆਦਾ ਵਰਤੋਂ ਕਾਰਨ ਉਹਨਾਂ ਉੱਪਰ ਕਾਫ਼ੀ ਜ਼ਿਆਦਾ ਕਰਜ਼ ਹੋ ਗਿਆ। ਪੰਜ ਦਰਿਆਵਾਂ (ਸਤਲੁਜ, ਬਿਆਸ, ਰਾਵੀ, ਚਨਾਬ, ਜੇਹਲਮ) ਦੀ ਧਰਤੀ ਉੱਪਰ, ਇਹ ਪਿਤਾ-ਪੁੱਤਰ ਪਾਣੀ ਦੇ ਸੰਕਟ ਨਾਲ ਜੂਝ ਰਹੇ ਸਨ ਜਿਵੇਂ ਸੂਬੇ ਦੇ ਹਜਾਰਾਂ ਕਿਸਾਨ ਜੂਝ ਰਹੇ ਸਨ।

ਅੰਕੜੇ ਵੀ ਇਸ ਮੰਦਭਾਗੀ ਸਥਿਤੀ ਨੂੰ ਹੀ ਦਿਖਾਉਂਦੇ ਹਨ। ਕੇਂਦਰੀ ਭੂਮੀਗਤ ਜਲ ਬੋਰਡ ਦੇ 2019 ਦੀ ਰਿਪੋਰਟ ਦੇ ਅਨੁਸਾਰ ਪੰਜਾਬ ਵਿੱਚ ਜਿੱਥੇ ਹੁਣ ਝੋਨਾ ਲਹਿਰਾ ਰਿਹਾ ਹੈ, ਜੇਕਰ ਇਸੇ ਤਰ੍ਹਾਂ ਧਰਤੀ ਹੇਠਲਾ ਪਾਣੀ ਕੱਢਿਆ ਜਾਂਦਾ ਰਿਹਾ ਤਾਂ ਉਹ ਆਉਣ ਵਾਲੇ 25 ਸਾਲਾਂ ਵਿੱਚ ਬੰਜਰ ਹੋ ਜਾਏਗਾ। ਇਸ ਰਿਪੋਰਟ ਦੇ ਸਾਹਮੇ ਆਉਣ ਤੋਂ ਹੀ ਬਹੁਤ ਪਹਿਲਾਂ, ਹਰਬੰਤ ਸਿੰਘ ਇਹ ਸਮਝ ਚੁੱਕੇ ਸਨ ਕਿ ਉਹਨਾਂ ਦੁਆਰਾ ਅਪਣਾਈਆਂ ਜਾ ਰਹੀਆਂ ਖੇਤੀ ਤਕਨੀਕਾਂ ਵਾਤਾਵਰਣ ਨੂੰ ਨੁਕਸਾਨ ਪਹੁੰਚਾ ਰਹੀਆਂ ਹਨ ਅਤੇ ਇੱਥੋਂ ਤੱਕ ਕਿ ਕਿਸਾਨਾਂ ਦੀ ਖਰਾਬ ਹੋਣ ਵਾਲੀ ਹਾਲਤ ਨੂੰ ਵੀ ਭਾਂਪ ਚੁੱਕੇ ਸਨ। ਪਰ ਉਹਨਾਂ ਨੂੰ 2016 ਤੱਕ ਆਪਣੇ ਖੇਤ ਵਿੱਚ ਵਾਤਾਵਰਣ ਪੱਖੀ ਤਰੀਕਿਆਂ ਅਤੇ ਉਹਨਾਂ ਨੂੰ ਕਿਵੇਂ ਲਾਗੂ ਕੀਤਾ ਜਾਵੇ, ਇਸਦਾ ਨਾ ਉਹਨਾਂ ਨੂੰ ਰਾਹ ਮਿਲ ਰਿਹਾ ਸੀ ਅਤੇ ਨਾ ਹੀ ਸੰਸਾਧਨ ਸਨ।

*ਹਰਬੰਤ ਸਿੰਘ ਆਪਣੇ ਖੇਤ ਵਿੱਚ*








*ਡ੍ਰੈਗਨ ਫਲ ਦੀ ਖੇਤੀ ਲਈ ਬਹੁਤ ਘੱਟ ਨਿਵੇਸ਼ਾਂ ਦੀ ਲੋੜ ਹੁੰਦੀ ਹੈ।*

ਉਸ ਸਾਲ, ਹਰਬੰਤ ਸਿੰਘ ਅਤੇ ਉਹਨਾਂ ਦੇ ਪੁੱਤਰ ਨੇ ਪੰਜਾਬ ਵਿੱਚ ਜੈਵਿਕ ਖੇਤੀ ਉੱਪਰ ਕੰਮ ਕਰਨ ਵਾਲੀ ਗੈਰ ਸਰਕਾਰੀ ਸੰਸਥਾ ਖੇਤੀ ਵਿਰਾਸਤ ਮਿਸ਼ਨ ਦੁਆਰਾ ਕੁਦਰਤੀ ਖੇਤੀ ਉੱਪਰ ਆਯੋਜਿਤ ਕਾਰਜਸ਼ਾਲਾ ਵਿੱਚ ਭਾਗ ਲਿਆ। ਉਹਨਾਂ ਨੇ ਉੱਥੇ ਹੋਰ ਕਿਸਾਨਾਂ ਨਾਲ ਗੱਲਬਾਤ ਕੀਤੀ, ਜੈਵਿਕ ਖੇਤੀ ਦੇ ਤੌਰ-ਤਰੀਕੇ ਸਮਝੇ ਅਤੇ ਰਸਾਇਣਿਕ ਖਾਦਾਂ ਅਤੇ ਕੀਟਨਾਸ਼ਕਾਂ ਦੇ ਵਾਤਾਵਰਣ ਪੱਖੀ ਵਿਕਲਪਾਂ ਬਾਰੇ ਸਿੱਖਿਆ।

ਖੇਤੀ ਵਿਰਾਸਤ ਮਿਸ਼ਨ ਦ ਸੰਸਥਾਪਕ ਅਤੇ ਕਾਰਜਕਾਰੀ ਨਿਰਦੇਸ਼ਕ ਓਮੇਂਦਰ ਦੱਤ ਦਾ ਕਹਿਣਾ ਹੈ, "ਏਕਲ ਫਸਲ ਪ੍ਰਣਾਲੀ ਮਿੱਟੀ ਦੀ ਉਪਜਾਊ ਸ਼ਕਤੀ ਘਟਾਉਂਦੀ ਹੈ, ਜਿਸ ਕਰਕੇ ਕਿਸਾਨਾਂ ਨੂੰ ਝਾੜ ਵਧਾਉਣ ਲਈ ਹੋਰ ਤੋਂ ਹੋਰ ਰਸਾਇਣਿਕ ਖਾਦਾਂ ਦਾ ਇਸਤੇਮਾਲ ਕਰਨਾ ਪੈਂਦਾ ਹੈ। ਇਸ ਕਰਕੇ ਖੇਤੀ ਦੇ ਜੈਵਿਕ ਚੱਕਰ ਉੱਪਰ ਅਸਰ ਪੈਂਦਾ ਹੈ। ਇਸਲਈ ਜਿੰਨਾਂ ਹੋ ਸਕੇ, ਮੌਸਮ ਅਨੁਸਾਰ ਫਸਲਾਂ ਅਤੇ ਸਬਜੀਆਂ ਦਾ ਬਹੁ-ਫਸਲੀ ਉਤਪਾਦਨ ਕੀਤਾ ਜਾਣਾ ਚਾਹੀਦਾ ਹੈ ਜਿਸ ਨਾਲ ਕੀਟਾਂ ਦੇ ਹਮਲੇ ਵੀ ਘਟਣ।"

ਓਮੇਂਦਰ ਦੱਤ ਅੱਗੇ ਦੱਸਦੇ ਹਨ ਕਿ ਹਰੇਕ ਕੀੜੇ ਨੂੰ ਮਾਰਨਾ ਜਰੂਰੀ ਨਹੀ ਕਿਉਂਕਿ ਬਹੁਤ ਸਾਰੇ ਕੀੜੇ *ਮਿੱਟੀ ਵਿੱਚ ਉਪਜਾਊ ਸ਼ਕਤੀ ਨੂੰ ਵਧਾਉਣ ਵਿੱਚ ਮੱਦਦ ਕਰਦੇ ਹਨ। ਅਤੇ ਅਖ਼ੀਰ ਵਿੱਚ ਕਿਸਾਨਾਂ ਨੂੰ ਪੌਦਿਆਂ ਦਾ ਕੁਦਰਤੀ ਚੱਕਰ ਹੀ ਖੇਤੀ ਵਿੱਚ ਲਾਗੂ ਕਰਨਾ ਚਾਹੀਦਾ ਹੈ। ਦੂਸਰੇ ਸ਼ਬਦਾਂ ਵਿੱਚ ਕਹੀਏ ਤਾਂ ਖੇਤ ਨੂੰ ਕੁਦਰਤ ਦੀ ਨਕਲ ਕਰਨ ਚਾਹੀਦੀ ਹੈ ਅਤੇ ਖੇਤ ਵਿੱਚ ਬਾਹਰੀ ਉਤਪਾਦਾਂ ਜਿਵੇਂ ਰਸਾਇਣਿਕ ਖਾਦਾਂ ਅਤੇ ਕੀਟਨਾਸ਼ਕਾਂ ਦਾ ਇਸਤੇਮਾਲ ਘੱਟ ਤੋਂ ਘੱਟ ਕਰਨਾ ਚਾਹੀਦਾ ਹੈ।*

ਉਹ ਅੱਗੇ ਕਹਿੰਦੇ ਹਨ, "ਆਪਣੇ ਖੇਤ ਉੱਪਰ ਮੁਰਗੀਆਂ ਅਤੇ ਗਊਆਂ ਰੱਖੋ ਜੋ ਕਿ ਮਿੱਟੀ ਨੂੰ ਤਿਆਰ ਕਰਨ ਵਿੱਚ ਮੱਦਦ ਕਰਦੇ ਹਨ। ਇਹਨਾਂ ਦਾ ਗੋਬਰ ਖਾਦ ਬਣ ਕੇ ਮਿੱਟੀ ਦੀ ਉਪਜਾਊ ਸ਼ਕਤੀ ਵਧਾਉਂਦਾ ਹੈ। ਖੇਤੀ ਦੀ ਰਹਿੰਦ-ਖੂੰਹਦ ਨੂੰ ਨਸ਼ਟ ਕਰਨ ਦੀ ਜਗ੍ਹਾ ਉਹਨਾਂ ਨੂੰ ਖੇਤ ਵਿੱਚ ਵਰਤੋ ਜਿਵੇਂ ਪੱਤਿਆਂ ਆਦਿ ਦੀ ਮਲਚਿੰਗ ਲਈ ਵਰਤੋ ਕਰੋ। ਆਪਣੇ ਖੇਤਾਂ ਵਿੱਚ ਪੰਛੀਆਂ ਨੂੰ ਬੁਲਾਉ ਕਿਉਂਕਿ ਕੀੜੇ ਉਹਨਾਂ ਦਾ ਭੋਜਨ ਹਨ। ਇਸ ਤਰ੍ਹਾ ਉਹ ਕੀਟ ਨਿਯੰਤ੍ਰਣ ਵਿੱਚ ਤੁਹਾਡੀ ਮੱਦਦ ਕਰਨਗੇ। ਖੇਤੀ ਦੀ ਹਰ ਸਮੱਸਿਆ ਦਾ ਹੱਲ ਕੁਦਰਤ ਕੋਲ ਹੈ, ਸਿਰਫ਼ ਸਾਨੂੰ ਦੇਖਣ ਦੀ ਲੋੜ ਹੈ।"

*ਹਰਬੰਤ ਸਿੰਘ ਦੱਸਦੇ ਹਨ, "ਖਤਰਨਾਕ ਕੀਟਨਾਸ਼ਕਾਂ ਦਾ ਇਸਤੇਮਾਲ ਅਤੇ ਪਾਣੀ ਦੀ ਅੰਧਾਧੁੰਦ ਵਰਤੋਂ ਸਾਡੇ ਖਿੱਤੇ ਵਿੱਚ ਆਮ ਹੋ ਗਈ ਹੈ ਅਤੇ ਬਹੁਤ ਸਾਰੇ ਕਿਸਾਨ ਇਸ ਕੁਚੱਕਰ ਵਿੱਚੋਂ ਬਾਹਰ ਨਿਕਲਣਾ ਚਾਹੁੰਦੇ ਹਨ ਪਰ ਉਹ ਕਿਸੇ ਜੋਖ਼ਿਮ ਨੂੰ ਲੈਣ ਦੀ ਸਥਿਤੀ ਵਿੱਚ ਨਹੀ ਹਨ। ਸਾਨੂੰ ਸਭ ਨੂੰ ਪਤਾ ਹੈ ਕਿ ਇਸ ਸਭ ਦਾ ਸਾਡੀਆਂ ਜ਼ਮੀਨਾਂ ਉੱਪਰ ਕੀ ਅਸਰ ਹੋ ਰਿਹਾ ਹੈ। ਇਸਲਈ ਜਦੋ ਮੈਨੂੰ*

*ਸਾਥੀ ਕਿਸਾਨਾਂ ਵੱਲੋਂ ਭਰੋਸਾ ਮਿਲਿਆ ਕਿ ਜੈਵਿਕ ਖੇਤੀ ਅਪਣਾਉਣਾ ਸੰਭਵ ਹੈ ਤਾਂ ਮੈ ਇਸ ਮੌਕੇ ਨੂੰ ਹੱਥੋਂ ਨਹੀ ਜਾਣ ਦਿੱਤਾ ਅਤੇ ਜੈਵਿਕ ਖੇਤੀ ਸ਼ੁਰੂ ਕਰ ਦਿੱਤੀ।*

**ਬਾਕਸ 1 ਖੇਤੀ ਦਾ ਤਰੀਕਾ**

- 7*12 ਫ਼ੁੱਟ ਸੀਮਿੰਟ ਦੇ ਲੰਬੇ ਖੰਭੇ ਨੂੰ ਗੱਡਣ ਲਈ 2 ਫ਼ੁੱਟ ਡੂੰਘੀ ਖਾਈ ਪੁੱਟੋ।
- ਖੰਭੇ ਨੂੰ ਇੱਕ ਖੋਖਲੇ ਸੀਮਿੰਟ ਚਿੰਗ ਨਾਲ ਨੱਥੀ ਕਰੋ।
- ਹਰੇਕ ਖੰਭੇ ਵਿਚਕਾਰ ਇੱਕ ਫ਼ੁੱਟ ਦੀ ਦੂਰੀ ਰੱਖੋ ਤਾਂਕਿ ਸੂਰਜ ਦੀ ਰੌਸ਼ਨੀ ਆ ਸਕੇ।
- ਡ੍ਰੈਗਨ ਫਲ ਇੱਕ ਵੇਲ ਵਾਂਗ ਹੈ, ਸੋ ਚਾਰ ਡ੍ਰੈਗਨ ਫਲ ਇੱਕ ਖੰਭੇ ਉੱਪਰ ਵਧ-ਫੁੱਲ ਸਕਣਗੇ।
- ਖੰਭੇ ਨੂੰ ਮਿੱਟੀ ਅਤੇ ਜੀਵਅੰਮ੍ਰਿਤ (ਗੋਬਰ ਅਤੇ ਗੋ-ਮੂਤਰ ਤੋਂ ਤਿਆਰ ਖਾਦ) ਨਾਲ ਭਰ ਦਿਓ ਤਾਂਕਿ ਪੌਦਿਆਂ ਨੂੰ ਪੋਸ਼ਕ ਤੱਤ ਮਿਲਦੇ ਰਹਿਣ।
- ਜੜ੍ਹਾ ਨੂੰ ਸਿੱਧੇ ਪਾਣੀ ਦੇਣ ਲਈ ਤੁਪਕਾ ਪ੍ਰਣਾਲੀ ਦਾ ਇਸਤੇਮਾਲ ਕਰੋ। ਹਰਬੰਤ ਸਿੰਘ ਪਾਣੀ ਦੀ ਪਾਈਪ ਵਿੱਚ ਤਰਲ ਜੈਵਿਕ ਖਾਦ ਵੀ ਪਾਉਂਦੇ ਹਨ ਤਾਂਕਿ ਕੀਟਾਂ ਨੂੰ ਦੂਰ ਰੱਖਿਆ ਜਾ ਸਕੇ।

**ਵਿਵਹਾਰ ਵਿੱਚ ਲਿਆਉਣਾ:** ਕਾਰਜਸ਼ਾਲਾ ਵਿੱਚ ਭਾਗੀਦਾਰੀ ਤੋਂ ਬਾਅਦ, 60 ਸਾਲਾਂ ਹਰਬੰਤ ਸਿੰਘ ਨੇ ਆਪਣਾ ਵਰ੍ਹਿਆਂ ਦਾ ਗਿਆਨ ਅਤੇ ਤਜ਼ਰਬਾ ਇੱਕ ਪਾਸੇ ਰੱਖ ਨਵੇਂ ਸਿਰੇ ਤੋਂ ਸਿੱਖਣਾ ਸ਼ੁਰੂ ਕੀਤਾ ਅਤੇ ਡ੍ਰੈਗਨ ਫਲ, ਨਿੰਬੂ ਅਤੇ ਚੰਦਨ ਦੀ ਖੇਤੀ ਸ਼ੁਰੂ ਕਰ ਦਿੱਤੀ।

ਇਹਨਾਂ ਅਸਾਧਾਰਨ ਫਸਲਾਂ ਦੀ ਖੇਤੀ ਨੂੰ ਚੁਣਨ ਦਾ ਕਾਰਨ ਦੱਸਦਿਆਂ ਸਤਨਾਮ ਸਿੰਘ ਦੱਸਦੇ ਹਨ, "8 ਏਕੜ ਵਿੱਚੋਂ ਡੇਢ ਏਕੜ ਅਸੀ ਜੈਵਿਕ ਖੇਤੀ ਨੂੰ ਸਮਰਪਿਤ ਕਰ ਦਿੱਤਾ ਹੈ। ਡ੍ਰੈਗਨ ਫਲ ਅਤੇ ਚੰਦਨ ਪ੍ਰੰਪਰਿਕ ਫਸਲਾਂ ਜਿਵੇਂ ਕਣਕ ਅਤੇ ਝੋਨੇ ਦੇ ਮੁਕਾਬਲੇ 90 ਪ੍ਰਤੀਸ਼ਤ ਤੱਕ ਘੱਟ ਪਾਣੀ ਲੈਂਦੀਆਂ ਹਨ। ਇਹਨਾਂ ਨੂੰ ਦੇਖਭਾਲ ਦੀ ਵੀ ਘੱਟ ਲੋੜ ਪੈਂਦੀ ਹੈ ਅਤੇ ਖਰਚ ਵੀ ਘੱਟ ਹੈ ਪਰ ਇਹ ਮੁਨਾਫ਼ਾ ਵਧੀਆ ਦਿੰਦੀਆਂ ਹਨ।"

ਕੱਛ ਦੇ ਡ੍ਰੈਗਨ ਫਲ ਮਾਹਿਰ ਹਰੀਸ਼ ਠਾਕਰ ਵੀ ਸਤਨਾਮ ਸਿੰਘ ਨਾਲ ਸਹਿਮਤੀ ਦਿੰਦੇ ਕਹਿੰਦੇ ਹਨ, "ਡ੍ਰੈਗਨ ਫਲ ਇੱਕ ਊਸ਼ਣ ਕਟੀਬੰਧੀ ਖੇਤਰ ਦਾ ਫਲ ਹੈ ਜਿਸ ਵਿੱਚ ਕੈਲਰੀ ਘੱਟ ਹੈ ਪਰ ਇਹ ਐਂਟੀਆਕਸੀਡੈਂਟ ਭਰਪੂਰ ਹੈ। ਇਸਨੂੰ ਵਧਣ-ਫੁੱਲਣ ਲਈ ਬਹੁਤ ਜ਼ਿਆਦਾ ਪਾਣੀ ਦੀ ਲੋੜ ਨਹੀ ਹੁੰਦੀ ਅਤੇ ਇਹ ਖੁਸ਼ਕ ਇਲਾਕਿਆਂ ਵਿੱਚ ਉੱਗ ਸਕਦਾ ਹੈ।"

ਭਲੇ ਹੀ ਇਸ ਖੇਤੀ ਵਿੱਚ ਪਾਣੀ ਦੀ ਲੋੜ ਅਤੇ ਖੇਤੀ ਨਿਵੇਸ਼ ਉਤਪਾਦਾਂ ਦੀ ਲੋੜ ਬੜੀ ਘੱਟ ਹੈ ਪਰ ਜੇਕਰ ਚੰਗੀ ਤਰ੍ਹਾਂ ਸੰਭਾਲ ਕੀਤੀ ਜਾਵੇ ਤਾਂ ਡ੍ਰੈਗਨ ਫਲ ਦੀ ਖੇਤੀ ਝਾੜ ਦੇ ਮਾਮਲੇ ਵਿੱਚ ਬਹੁਤ ਵਧੀਆ ਨਤੀਜੇ ਦਿੰਦੀ ਹੈ। ਉਦਾਹਰਨ ਲਈ, ਇੱਕ ਏਕੜ ਡ੍ਰੈਗਨ ਦੇ ਰੁੱਖ ਸਿੰਘ ਪਰਿਵਾਰ ਨੂੰ 40 ਕੁਇੰਟਲ ਪ੍ਰਤਿ ਸਾਲ ਦਾ ਝਾੜ ਦਿੰਦੀ ਹੈ ਅਤੇ ਇੱਕ ਕਿਲੋ ਦੀ ਕੀਮਤ 200 ਰੁਪਏ ਤੱਕ ਮਿਲਦੀ ਹੈ। ਸਤਨਾਮ ਸਿੰਘ ਅੱਗੇ ਦੱਸਦਾ ਹੈ, *"ਸਾਡੇ ਕੋਲ ਡ੍ਰੈਗਨ ਫਲ ਦੇ 2500 ਰੁੱਖ ਹਨ ਜੋ ਕਿ ਸਾਨੂੰ ਸਾਲ ਭਰ ਵਿੱਚ ਲਗਭਗ 8 ਲੱਖ ਪ੍ਰਤਿ ਏਕੜ ਦੀ ਕਮਾਈ ਦਿੰਦੇ ਹਨ। ਚੰਦਨ ਦੇ ਮਾਮਲੇ ਵਿੱਚ, ਰੁੱਖ 15 ਸਾਲਾਂ ਬਾਅਦ ਨਤੀਜੇ ਦਿੰਦੇ ਹਨ ਅਤੇ ਇੱਕ ਰੁੱਖ ਤੋਂ 3 ਲੱਖ ਤੱਕ ਦੀ ਕਮਾਈ ਹੋ ਸਕਦੀ ਹੈ। ਸਾਡੇ ਕੋਲ ਲਗਭਗ 200 ਚੰਦਨ ਦੇ ਰੁੱਖ ਹਨ।"*

**ਡ੍ਰੈਗਨ ਫਲ ਉਗਾਉਣ ਦਾ ਵੀਅਤਨਾਮ ਤਰੀਕਾ:** ਪਿਛਲੇ ਦਹਾਕੇ ਵਿੱਚ, ਗੁਜਰਾਤ ਦੇ ਪਾਣੀ ਦੀ ਕਮੀ ਨਾਲ ਜੂਝਣ ਵਾਲੇ ਕੱਛ ਨੇ ਡ੍ਰੈਗਨ ਫਲ ਦੀ ਜੈਵਿਕ ਖੇਤੀ ਦੀ ਕ੍ਰਾਂਤੀ ਨੂੰ ਦੇਖਿਆ ਹੈ ਜਿੱਥੇ ਸੈਂਕੜੇ ਕਿਸਾਨ ਡ੍ਰੈਗਨ ਫਲ ਦੀ ਅਜਿਹੀ ਕਿਸਮ 'ਹੈਲੋਸੈਰਿਸ ਅਨਦਾਤੁਸ' ਉਗਾ ਰਹੇ ਹਨ ਜੋ ਬਾਹਰੋਂ ਗੁਲਾਬੀ ਹੈ ਅਤੇ ਅੰਦਰ ਸਫੇਦ ਪਲਪ ਹੈ ਜਿਸ ਵਿੱਚ ਕਾਲੇ ਬੀਜ ਹਨ।

ਸਤਨਾਮ ਸਿੰਘ ਕੱਛ ਵਿੱਚ ਰਹਿਣ ਵਾਲੇ ਆਪਣੇ ਮਿੱਤਰ ਵਿਸ਼ਾਲ ਡੋਡਾ ਨੂੰ ਮਿਲਣ ਗਿਆ ਜੋ ਕਿ 15 ਏਕੜ ਵਿੱਚ ਡ੍ਰੈਗਨ ਫਲ ਦੀ ਖੇਤੀ ਕਰ ਰਿਹਾ ਸੀ। ਉਸਦੀ ਡ੍ਰੈਗਨ ਫਲ ਉਗਾਉਣ ਦੀ ਵੀਅਤਨਾਮ ਤਕਨੀਕ ਤੋਂ ਪ੍ਰਭਾਵਿਤ ਹੋ ਕੇ ਸਤਨਾਮ ਸਿੰਘ ਨੇ ਉਸ ਤਕਨੀਕ ਨੂੰ ਸਿੱਖਿਆ ਅਤੇ ਉਸ ਕੋਲੋਂ ਡ੍ਰੈਗਨ ਫਲ ਦੀ 500 ਪਨੀਰੀ ਲਿਆਂਦੀ।

ਉਸਨੇ ਆਪਣੇ ਪਿਤਾ ਨੂੰ ਇਹ ਸਿਖਾਇਆ ਅਤੇ ਸੀਮਿੰਟ ਖੰਭੇ, ਸਿੰਚਾਈ ਪ੍ਰਬੰਧ, ਮਜਦੂਰੀ ਦੀ ਲਾਗਤ ਅਤੇ ਬੀਜ ਆਦਿ ਸਭ ਮਿਲਾ ਕੇ ਉਸਨੇ 4 ਲੱਖ ਖਰਚ ਕਰਕੇ ਇਸ ਪ੍ਰਕ੍ਰਿਆ ਨੂੰ ਸ਼ੁਰੂ ਕੀਤਾ। ਹਰਬੰਤ ਨੇ ਸਵਾ ਏਕੜ ਵਿੱਚ 500 ਖੰਭੇ ਲਗਾਏ, "ਪਹਿਲੇ ਸਾਲ ਵਿੱਚ ਹਰੇਕ ਖੰਭੇ ਤੋਂ 4-5 ਕਿਲੋ ਫਲ ਮਿਲੇਗਾ ਜੋ ਕਿ ਪੰਜਵੇਂ ਸਾਲ ਵਿੱਚ 20 ਕਿਲੋ ਤੱਕ ਹੋ ਜਾਵੇਗਾ।" ਉਸਨੇ ਆਪਣੀ ਲਾਗਤ ਦੋ ਸਾਲਾਂ ਦੇ ਅੰਦਰ ਵਸੂਲ ਕਰ ਲਈ।



*ਡ੍ਰੈਗਨ ਫਲ ਨੂੰ ਘੱਟ ਪਾਣੀ ਦੀ ਲੋੜ ਹੁੰਦੀ ਹੈ ਅਤੇ ਖੁਸ਼ਕ ਇਲਾਕਿਆਂ ਵਿੱਚ ਉੱਗ ਸਕਦਾ ਹੈ।*

**ਚੰਦਨ ਅਤੇ ਨਿੰਬੂ ਦੀ ਖੇਤੀ** : ਕਰੰਟ ਸਾਇੰਸ ਜਰਨਲ ਵਿੱਚ ਪ੍ਰਕਾਸ਼ਿਤ ਇੱਕ ਅਧਿਐਨ ਅਨੁਸਾਰ ਇੱਕ ਪਰਜੀਵੀ ਪੌਦਾ ਹੋਣ ਕਰਕੇ ਚੰਦਨ ਦੀਆਂ ਜੜ੍ਹਾਂ ਨੂੰ ਹਸਟੋਰੀਆ ਕਿਹਾ ਜਾਂਦਾ ਹੈ ਜੋ ਕਿ ਆਪਣੇ ਮੇਜ਼ਬਾਨ ਪੌਦੇ ਤੋਂ ਉਹਨਾਂ ਦਾ ਪੋਸ਼ਣ ਖਿੱਚਦਾ ਹੈ ਅਤੇ ਬਦਲੇ ਵਿੱਚ ਉਹਨਾਂ ਨੂੰ ਪੌਸ਼ਟਿਕ ਤੱਤਾਂ ਦੀ ਪੂਰਤੀ ਕਰਦਾ ਹੈ।

ਇਸਲਈ ਹਰਬੰਤ ਸਿੰਘ ਨੇ ਬੰਗਲੌਰ ਤੋਂ ਸੰਤਾਲੁਮ ਅਲਬਮ ਕਿਸਮ ਖਰੀਦੀ ਅਤੇ ਅੱਧੇ ਏਕੜ ਵਿੱਚ 200 ਰੁੱਖ ਲਗਾਏ।ਹਰੇਕ ਰੁੱਖ ਵਿਚਕਾਰ 12 ਫ਼ੁੱਟ ਦਾ ਫਾਸਲਾ ਹੈ ਜਿੱਥੇ ਉਹ ਨਿੰਬੂ ਉਗਾ ਰਿਹਾ ਹੈ।


ਸਤਨਾਮ ਵਿਸਤਾਰ ਨਾਲ ਦੱਸਦਾ ਹੈ, “ਇਸਦੀ ਉੱਚ ਵਪਾਰਕ ਕੀਮਤ ਤੋਂ ਇਲਾਵਾ, ਚੰਦਨ ਦੀ ਖੇਤੀ ਦੇ ਹੋਰ ਬਹੁਤ ਸਾਰੇ ਫਾਇਦੇ ਹਨ।ਪਹਿਲੇ ਪੰਜ ਸਾਲਾਂ ਦੌਰਾਨ ਇਸਨੂੰ ਦਰਮਿਆਨੀ ਜਿਹੀ ਸਿੰਚਾਈ ਦੀ ਲੋੜ ਹੁੰਦੀ ਹੈ, ਉਸਤੋਂ ਬਾਅਦ ਇਹ ਆਪਣੇ ਆਪ ਵਧਦਾ-ਫੁੱਲਦਾ ਹੈ ਅਤੇ ਕਟਾਈ ਲਈ ਤਿਆਰ ਹੋਣ ਲਈ ਇਸਨੂੰ 15 ਸਾਲ ਲੱਗਦੇ ਹਨ।ਚੰਦਨ 4 ਸਾਲ ਬਾਅਦ ਬੀਜ ਦਿੰਦਾ ਹੈ ਅਤੇ ਹਰੇਕ ਕਿਲੋ ਦੇ 1000 ਰੁਪਏ ਮਿਲ ਜਾਂਦੇ ਹਨ। ਹਾਲਾਂਕਿ ਪੰਜਾਬ ਵਿੱਚ ਚੰਦਨ ਦੀ ਖੇਤੀ ਕਰਨ ਉੱਪਰ ਕੋਈ ਕਾਨੂੰਨੀ ਪਾਬੰਦੀ ਨਹੀ ਹੈ, ਇਸਦੀ ਕਟਾਈ ਕਰਨ ਵੇਲੇ ਕਿਸਾਨ ਨੂੰ ਸਰਕਾਰ ਕੋਲੋਂ ਅਨੁਮਤੀ ਲੈਣੀ ਪੈਂਦੀ ਹੈ।”

ਇਹ “ਬੈਟਰ ਇੰਡੀਆ” ਵੈੱਬਸਾਈਟ ਉੱਪਰ ਪ੍ਰਕਾਸ਼ਿਤ ਲੇਖ ਦਾ ਸੰਪਾਦਿਤ ਸੰਸਕਰਨ ਹੈ।

https://www.thebetterindia.com/237963/punjab-farmerearns-lakhs-how-to-organic-farming-dragon-fruitsandalwood-india-gop94/

**Organic Dragon Fruit Production**
**LEISA INDIA, Sept 2021**

**LEISA INDIA Language Editions**



**Kannada, Telugu, Tamil, Oriya, Hindi, Marathi, Punjabi**

# ਜੈਵਿਕ ਖੇਤੀ ਨੂੰ ਪ੍ਰੋਤਸ਼ਾਹਿਤ ਕਰਨ ਲਈ ਉੱਦਮ

*ਵਿਕਟਰ ਆਈ ਅਤੇ ਸੁਰੇਸ਼ ਕੇ*

**ਵਰਖਾ ਉੱਪਰ ਨਿਰਭਰ ਕਰਨ ਵਾਲੇ ਕਿਸਾਨ ਹਮੇਸ਼ਾ ਹੀ ਦੁਰਬਲ ਸ਼੍ਰੇਣੀ ਵਿੱਚ ਆਉਂਦੇ ਹਨ। ਪਰ ਸੰਕਟ ਨੂੰ ਇੱਕ ਅਵਸਰ ਵਿੱਚ ਬਦਲਣ ਲਈ ਦ੍ਰਿੜ ਸੰਕਲਪ ਅਤੇ ਲੋਕਾਂ ਦੇ ਸਹਿਯੋਗ ਦੀ ਲੋੜ ਹੁੰਦੀ ਹੈ। ਸੇਬਸਟੀਅਨ ਇਸਦਾ ਹੀ ਇੱਕ ਉਦਾਹਰਨ ਹਨ ਜੋ ਕਿਸਾਨਾਂ ਨੂੰ ਜੈਵਿਕ ਖੇਤੀ ਪੱਦਤੀਆਂ ਨੂੰ ਅਪਣਾਉਣ ਵਿੱਚ ਸਹਿਯੋਗ ਦੇ ਕੇ ਇੱਕ ਰੋਲ ਮਾਡਲ ਬਣ ਗਏ ਹਨ।**



*ਸੇਬਸਟੀਅਨ ਵਿਜ਼ਿਟਰ ਨੂੰ ਜੈਵਿਕ ਖਾਦ ਬਣਾਉਣ ਦੀ ਵਿਧੀ ਸਮਝਾਉਂਦੇ ਹੋਏ*

ਇਹ ਇੱਕ ਜਾਣਿਆ-ਪਛਾਣਿਆ ਤੱਥ ਹੈ ਕਿ ਜੈਵਿਕ ਖੇਤੀ ਨੂੰ ਪ੍ਰੋਤਸ਼ਾਹਿਤ ਕਰਨ ਲਈ ਜੈਵਿਕ ਨਿਵੇਸ਼ਾਂ ਦਾ ਬਹੁਤ ਮਹੱਤਵ ਹੈ। ਰਸਾਇਣਿਕ ਖੇਤੀ ਵਿੱਚ ਜਿੱਥੇ ਰਸਾਇਣਿਕ ਉਤਪਾਦਾਂ ਨੂੰ ਫਸਲ ਨੂੰ ਭੋਜਨ ਅਤੇ ਸੁਰੱਖਿਆ ਉਪਲਬਧ ਕਰਵਾਉਣ ਲਈ ਵਰਤਿਆ ਜਾਂਦਾ ਹੈ, ਉੱਥੇ ਹੀ ਜੈਵਿਕ ਖੇਤੀ ਵਿੱਚ ਜੈਵਿਕ ਉਤਪਾਦ ਮਿੱਟੀ ਨੂੰ ਉਪਜਾਊ ਬਣਾਉਣ ਲਈ ਅਤੇ ਅਜਿਹਾ ਵਾਤਾਵਰਣ ਨਿਰਮਾਣ ਕਰਨ ਲਈ ਵਰਤੇ ਜਾਂਦੇ ਹਨ ਜਿੱਥੇ ਕੀੜਿਆਂ ਦੀ ਸੰਖਿਆ ਨੂੰ ਕੁਦਰਤੀ ਤਰੀਕਿਆਂ ਨਾਲ ਨਿਯੰਤ੍ਰਿਤ ਕੀਤਾ ਜਾਂਦਾ ਹੈ ਤਾਂਕਿ ਉਹ ਆਰਥਿਕ ਨੁਕਸਾਨ ਦੀ ਹੱਦ ਤੱਕ ਨਾ ਵਧ ਜਾਣ। ਇਸ ਉਪਰਾਲੇ ਵਿੱਚ, ਜੈਵਿਕ ਖੇਤੀ ਅਪਨਾਉਣ ਦੀ ਇੱਛਾ ਰੱਖਣ ਵਾਲੇ ਕਿਸਾਨਾਂ ਅੱਗੇ ਦੋ ਅਹਿਮ ਮੁੱਦੇ ਹਨ - ਪਹਿਲਾ ਜੈਵਿਕ ਨਿਵਸ਼ਾਂ ਦੀ ਉਪਲਬਧਤਾ ਅਤੇ ਦੂਸਰਾ ਉਤਪਾਦ ਦੀ ਗੁਣਵੱਤਾ।

ਹਾਲ ਹੀ ਦੇ ਸਾਲਾਂ ਵਿੱਚ, ਕੁੱਝ ਨਵਾਚਾਰੀ ਉੱਦਮੀ ਕਿਸਾਨਾਂ ਨੇ ਗੁਣਵੱਤਾਪੂਰਨ ਜੈਵ ਉਤਪਾਦਾਂ ਦੇ ਉਤਪਾਦਨ ਲਈ ਉਚਿਤ ਉਤਪਾਦਨ ਪੱਦਤੀਆਂ ਅਪਨਾਉਣ ਦਾ ਯਤਨ ਕੀਤਾ ਅਤੇ ਦੂਸਰੇ ਕਿਸਾਨਾਂ ਨੂੰ ਉਚਿਤ ਮੁੱਲ ਉੱਪਰ ਉਪਲਬਧ ਕਰਵਾਇਆ। ਉਹਨਾਂ ਨੇ ਕਿਸਾਨਾਂ ਵਿਚਕਾਰ ਜੈਵਿਕ ਖੇਤੀ ਲਈ ਵਧਦੀ ਜਾਗਰੂਕਤਾ ਦਾ ਲਾਭ ਉਠਾਇਆ। ਵਿਭਿੰਨ ਪ੍ਰਕਾਰ ਦੇ ਜੈਵਿਕ ਉਤਪਾਦ ਬਾਜ਼ਾਰ ਵਿੱਚ ਆ ਰਹੇ ਹਨ ਅਤੇ ਕਿਸਾਨਾਂ ਨੂੰ ਵੇਚੇ ਜਾ ਰਹੇ ਹਨ। ਸੇਬਸਟੀਅਨ ਇੱਕ ਅਜਿਹਾ ਹੀ ਕਿਸਾਨ ਉੱਦਮੀ ਹੈ ਜੋ ਸਫਲਤਾਪੂਰਵਕ ਜੈਵਿਕ ਉਤਪਾਦਾਂ ਦਾ ਉਤਪਾਦਨ ਕਰ ਰਿਹਾ ਹੈ ਅਤੇ ਖੇਤਰ ਵਿੱਚ ਹੋਰਾਂ ਦੇ ਲਈ ਇੱਕ ਰੋਲ ਮਾਡਲ ਦੇ ਰੂਪ ਵਿੱਚ ਉੱਭਰਿਆ ਹੈ।

ਸੇਬਸਟੀਅਨ ਤਾਮਿਲਨਾਡੂ ਦੇ ਤ੍ਰਿਚੀ ਜਿਲ੍ਹੇ ਦੇ ਵਿਯਾਮਪੱਟੀ ਬਲਾਕ ਦੇ ਪਿੰਡ ਮੁਗਾਵਨੂਰ ਦਾ ਰਹਿਣ ਵਾਲਾ ਇੱਕ ਛੋਟਾ ਕਿਸਾਨ ਹੈ। ਉਸਦੇ ਕੋਲ ਸਾਢੇ ਚਾਰ ਏਕੜ ਖੇਤੀ ਯੋਗ ਜ਼ਮੀਨ ਹੈ ਜਿਸ ਵਿੱਚੋਂ ਢਾਈ ਏਕੜ ਵਰਖਾ ਆਧਾਰਿਤ ਹੈ। ਉਹ ਆਪਣੇ ਦੋ ਏਕੜ ਖੇਤ ਦੀ ਸਿੰਚਾਈ ਖੂਹ ਅਤੇ ਬੋਰਵੈੱਲ ਤੋਂ ਕਰਦੇ ਹਨ। ਇੱਕ ਦਸ਼ਕ ਤੋਂ ਵੀ ਜ਼ਿਆਦਾ ਸਮੇਂ ਤੋਂ ਸੋਕੇ ਦੇ ਚੱਕਰੀ ਪ੍ਰਵਾਹ ਕਾਰਨ ਉਹਨਾਂ ਲਈ ਖੇਤੀ ਕਰਨਾ ਚੁਣੌਤੀ ਬਣਦਾ ਜਾ ਰਿਹਾ ਸੀ। ਇਸਲਈ ਉਹਨਾਂ ਨੇ ਜ਼ਿਆਦਾ ਪਾਣੀ ਵਾਲੀਆਂ ਫਸਲਾਂ ਜਿਵੇਂ ਝੋਨੇ ਦੀ ਖੇਤੀ ਘੱਟ ਕਰ ਦਿੱਤੀ ਅਤੇ ਵੇਲਦਾਰ ਸਬਜ਼ੀਆਂ ਜਿਵੇਂ ਤੋਰੀ, ਸਨੇਕ ਗਾਰਡ ਅਤੇ ਲੌਕੀ ਦੀ ਖੇਤੀ ਕਰਨ ਲੱਗੇ। ਇਹਨਾਂ ਦੀਆਂ ਵੇਲਾਂ ਦੀ ਛਾਂ ਹੇਠ ਨਵੇਂ ਤਰੀਕੇ ਨਾਲ ਉਹਨਾਂ ਨੇ ਟਮਾਟਰ ਉਗਾਏ। ਇਸ ਤਰੀਕੇ ਨੂੰ ਜ਼ਮੀਨੀ ਪੱਧਰ ਦੇ ਸਭ ਤੋਂ ਨਵੀਨ ਪ੍ਰਯੋਗ ਦੇ ਰੂਪ ਵਿੱਚ ਮਾਨਤਾ ਦਿੱਤੀ ਗਈ ਅਤੇ ਸਾਲ 2012 ਦੇ ਨਾਰਵੇ ਅਤੇ ਟੀ ਐਟ ਏ ਯੂ ਦੇ ਜਲਵਾਯੂ-ਅਨੁਕੂਲਨ ਪ੍ਰੋਗਰਾਮ ਵਿੱਚ ਸ਼ਾਮਿਲ ਕੀਤਾ ਗਿਆ।

**ਜੈਵਿਕ ਖੇਤੀ ਦੀ ਯਾਤਰਾ** : ਸੇਬਸਟੀਅਨ ਦਾ ਘਰ ਅਤੇ ਖੇਤ ਵਾਨਾਗਮ ਜੋ ਕਿ ਤਾਮਿਲਨਾਡੂ ਵਿੱਚ ਜੈਵਿਕ ਖੇਤੀ ਦੇ ਥੰਮ ਮੰਨੇ ਜਾਣ ਵਾਲੇ ਸ਼੍ਰੀ ਨਾਮਲਵਰ ਦੁਆਰਾ ਸ਼ੁਰੂ ਕੀਤਾ ਸੰਗਠਨ ਹੈ, ਦੇ ਕਾਫ਼ੀ ਨੇੜੇ ਹੈ। ਸਾਲ 2013 ਵਿੱਚ ਸੇਬਸਟੀਅਨ ਨੇ ਇਸ ਸੰਸਥਾ ਦੁਆਰਾ ਸੁਰੂਮਾਨਪੱਟੀ ਪਿੰਡ ਵਿੱਚ ਜੈਵਿਕ ਖੇਤੀ ਉੱਪਰ ਕੀਤੀ 5 ਦਿਨੀ ਕਾਰਜਸ਼ਾਲਾ ਵਿੱਚ ਹਿੱਸਾ ਲਿਆ। ਇਹ ਉਹਨਾਂ ਦੀ ਜਿੰਦਗੀ ਦਾ ਅਜਿਹਾ ਮੋੜ ਸੀ ਜਿਸਨੇ ਉਹਨਾਂ ਦੇ ਖੇਤੀ ਪ੍ਰਤਿ ਦ੍ਰਿਸ਼ਟੀਕੋਣ ਨੂੰ ਪੂਰੀ ਤਰ੍ਹਾ ਬਦਲ ਕੇ ਰੱਖ ਦਿੱਤਾ।

ਸੇਬਸਟੀਅਨ ਨੇ ਇੱਕ ਸਥਾਨਕ ਐਨ.ਜੀ.ਓ 'ਅਹਿਮਸਾ' ਦੁਆਰਾ ਆਯੋਜਿਤ ਕੀਟ ਪ੍ਰਬੰਧਨ ਪਾਠਸ਼ਾਲਾ ਵਿੱਚ ਹਿੱਸਾ ਲਿਆ। ਇਹ ਸੰਸਥਾ ਉਹਨਾਂ ਪ੍ਰਮੁੱਖ ਸੰਗਠਨਾਂ ਵਿੱਚੋਂ ਇੱਕ ਸੀ ਜਿੰਨ੍ਹਾਂ ਨੇ 1990 ਦੇ ਦਸ਼ਕ ਵਿੱਚ ਏ ਐਮ ਈ ਫਾਊਡੇਸ਼ਨ ਦੇ ਤਕਨੀਕੀ ਦਿਸ਼ਾ-ਨਿਰਦੇਸ਼ ਹੇਠ ਤਾਮਿਲਨਾਡੂ ਵਿੱਚ ਏਕੀਕ੍ਰਿਤ ਕੀਟ ਪ੍ਰਬੰਧਨ ਦ੍ਰਿਸ਼ਟੀਕੋਣ ਨੂੰ ਅਪਣਾਇਆ ਅਤੇ ਵੈਯਾਮਪੱਟੀ ਬਲਾਕ ਵਿੱਚ ਜੈਵਿਕ ਖੇਤੀ ਦੇ ਪ੍ਰਚਾਰ-ਪ੍ਰਸਾਰ ਲਈ ਲਗਾਤਾਰ ਕੰਮ ਕਰ ਰਹੀ ਹੈ। ਬਾਅਦ ਵਿੱਚ ਇਹ ਨਾਬਾਰਡ ਅਤੇ ਅਹਿਮਸਾ ਸੰਸਥਾ ਦੁਆਰਾ ਸਹਿਯੋਗ ਪ੍ਰਾਪਤ ਉਝਾਵਰ ਮੰਦਰਮ ਦੇ ਸਕ੍ਰਿਅ ਮੈਂਬਰ ਵੀ ਬਣੇ। ਵਨਾਗਮ ਅਤੇ ਅਹਿਮਸਾ ਦੇ ਸਹਿਯੋਗ ਨਾਂਲ ਕਈ ਸਥਾਨਾਂ ਦੀ ਯਾਤਰਾ ਕਰ ਸੇਬਸਟੀਅਨ ਜੈਵਿਕ ਖੇਤੀ ਨੂੰ ਅਪਣਾਉਣ ਲਈ ਪ੍ਰੇਰਿਤ ਹੋਏ ਅਤੇ ਇਸ ਪ੍ਰਤਿ ਉਹਨਾਂ ਦਾ ਵਿਸ਼ਵਾਸ ਵੀ ਮਜ਼ਬੂਤ ਹੋਇਆ। ਉਹਨਾਂ ਨੇ ਆਪਣੇ ਖੇਤ ਵਿੱਚ ਜੈਵਿਕ ਖੇਤੀ ਤਕਨੀਕਾਂ ਨੂੰ ਲਾਗੂ ਕਰਨਾ ਸ਼ੁਰੂ ਕੀਤਾ ਅਤੇ ਮਾਤਰ ਇੱਕ ਸਾਲ ਦੇ ਅੰਦਰ-ਅੰਦਰ ਉਹਨਾਂ ਨੇ ਸਾਢੇ ਚਾਰ ਏਕੜ ਵਿੱਚ ਪੂਰੀ ਤਰ੍ਹਾ ਜੈਵਿਕ ਖੇਤੀ ਨੂੰ ਅਪਨਾ ਲਿਆ।

**ਰਚਨਾਤਮਕਤਾ ਲਈ ਸੰਕਟ** : ਸੇਬਸਟੀਅਨ ਦੇ ਵਿਸ਼ਵਾਸ ਨੂੰ ਚੁਣੌਤੀ ਦੇਣ ਲਈ ਕੁਦਰਤ ਵੀ ਖੜੀ ਹੋ ਗਈ ਅਤੇ ਲਗਾਤਾਰ ਕਈ ਸਾਲਾਂ ਤੱਕ ਸੋਕੇ ਪੈਣ ਕਰਕੇ ਉਹਨਾਂ ਦਾ ਜੈਵਿਕ ਖੇਤੀ ਕਿਸਾਨ ਬਣਨ ਦਾ ਸੁਫ਼ਨਾ ਟੁੱਟ ਗਿਆ। ਖੇਤਰ ਵਿੱਚ ਘੱਟ ਵਰਖਾ ਹੋਣ ਕਾਰਨ ਉਹ ਆਪਣੇ ਵਰਖਾ ਆਧਾਰਿਤ ਖੇਤ ਵਿੱਚ ਕੋਈ ਫਸਲ ਨਹੀ ਲੈ ਸਕੇ। ਖੂਹ ਅਤੇ ਬੋਰਵੈੱਲ ਦੇ ਸੁੱਕ ਜਾਣ ਕਾਰਨ ਸਿੰਚਾਈ ਵਾਲੀ ਜ਼ਮੀਨ ਉੱਪਰ ਵੀ ਕੁੱਝ ਵੀ ਉਗਾਉਣਾ ਮੁਸ਼ਕਿਲ ਹੋ ਗਿਆ। ਆਪਣੀਆਂ ਸਬਜ਼ੀਆਂ ਨੂੰ ਬਚਾਉਣ ਲਈ ਸੇਬਸਟੀਅਨ ਨੂੰ ਬਰਤਨਾਂ ਵਿੱਚ ਪਾਣੀ ਲਿਆ ਕੇ ਉਹਨਾਂ ਨੂੰ ਬਚਾਉਣਾ ਪਿਆ।

ਇਸੇ ਦੌਰਾਨ ਉਹਨਾਂ ਨੂੰ ਪੁਡੂਕੋਟੱਈ ਜਿਲ੍ਹੇ ਦੇ ਕੁਡੂਮਿਯਾਨਮੱਲਈ ਵਿਖੇ ਮਾਲਿਨਾਡੂ ਖੇਤੀ ਯੂਨੀਵਰਸਿਟੀ ਦੇ ਅੰਨਾ ਬਾਗਬਾਨੀ ਖੇਤ ਉੱਪਰ ਆਯੋਜਿਤ ਦੋ ਦਿਨੀਂ ਸਿਖਲਾਈ ਕਾਰਜਸ਼ਾਲਾ ਵਿੱਚ ਭਾਗ ਲੈਣ ਦਾ ਮੌਕਾ ਮਿਲਿਆ। ਸਿਖਲਾਈ ਕਾਰਜਸ਼ਾਲਾ ਦਾ ਮੁੱਖ ਵਿਸ਼ਾ ਸੀ - 'ਕਿਸਾਨ ਕਿਸ ਤਰ੍ਹਾ ਜੈਵਿਕ ਉਤਪਾਦਾਂ ਦੇ ਉਤਪਾਦਨ ਅਤੇ ਮੰਡੀਕਰਨ ਰਾਹੀ ਵਿਕਲਪਿਕ ਆਮਦਨੀ ਪ੍ਰਾਪਤ ਕਰ ਸਕਦੇ ਹਨ।' ਸਿਖਲਾਈ ਕਾਰਜਸ਼ਾਲਾ ਤੋਂ ਪ੍ਰਾਪਤ ਹੋਈ ਜਾਣਕਾਰੀ ਅਤੇ ਵਿਚਾਰਾਂ ਨੇ ਉਹਨਾਂ ਨੂੰ ਜੈਵਿਕ ਉਤਪਾਦਾਂ ਦਾ ਉਤਪਾਦਨ ਕਰਨ ਲਈ ਆਤਮਵਿਸ਼ਵਾਸ ਪ੍ਰਦਾਨ ਕੀਤਾ।ਉਹਨਾਂ ਨੇ ਇਸ ਨੂੰ ਆਪਣੀ ਖੇਤੀ ਵਿੱਚ ਪੈਦਾ ਹੋਏ ਸੰਕਟ ਦੇ ਹੱਲ ਦੇ ਰੂਪ ਵਿੱਚ ਦੇਖਿਆ। ਇਸ ਪ੍ਰਕਾਰ ਉਹਨਾਂ ਨੇ ਆਪਣਾ ਧਿਆਨ ਅਤੇ ਊਰਜਾ ਫਸਲ ਉਗਾਉਣ ਦੀ ਬਜਾਏ ਜੈਵਿਕ ਉਤਪਾਦਾਂ ਦੇ ਉਤਪਾਦਨ ਅਤੇ ਮੰਡੀਕਰਨ ਉੱਪਰ ਲਗਾਇਆ।

ਸੇਬਸਟੀਅਨ ਕਹਿੰਦੇ ਹਨ,*"ਹਾਲਾਂਕਿ ਮੇਰੇ ਕੋਲ ਜੈਵਿਕ ਖੇਤੀ ਕਰਨ ਲਈ ਕਾਫ਼ੀ ਜ਼ਮੀਨ ਸੀ ਪਰ ਪਾਣੀ ਦੀ ਸੀਮਿਤ ਉਪਲਬਧਤਾ ਦੇ ਕਾਰਨ ਸਿਰਫ਼ 50 ਪ੍ਰਤੀਸ਼ਤ ਉੱਪਰ ਹੀ ਖੇਤੀ ਕਰ ਪਾਉਂਦਾ ਸੀ। ਉਸੇ ਦੌਰਾਨ ਕੁੱਝ ਕਿਸਾਨ ਜੈਵਿਕ ਖੇਤੀ ਕਰਨ ਵਿੱਚ ਦਿਲਚਸਪੀ ਦਿਖਾ ਰਹੇ ਸਨ ਪਰ ਉਹ ਖੁਦ ਲਈ ਜੈਵਿਕ ਉਤਪਾਦ ਬਣਾ ਸਕਣ ਵਿੱਚ ਅਸਮਰੱਥ ਸਨ। ਸੋ, ਇਸ ਤਰ੍ਹਾ ਮੈਂ ਜੈਵਿਕ ਉਤਪਾਦਾਂ ਦਾ ਉਤਪਾਦਨ ਕਰਨ ਦਾ ਫੈਸਲਾ ਕੀਤਾ, ਜੋ ਨਾ ਸਿਰਫ ਮੇਰੇ ਲਈ ਕਮਾਈ ਦਾ ਸਾਧਨ ਬਣਿਆ ਬਲਕਿ ਉਹਨਾਂ ਕਿਸਾਨਾਂ ਦੀ ਮੱਦਦ ਕਰਨ ਦਾ ਵੀ ਸਾਧਨ ਬਣਿਆ ਜੋ ਜੈਵਿਕ ਖੇਤੀ ਅਪਣਾਉਣਾ ਚਾਹੁੰਦੇ ਸਨ।ਇਸ ਨੇ ਮੈਨੂੰ ਖੁਸ਼ੀ ਦੇ ਨਾਲ-ਨਾਲ ਸੰਤੁਸ਼ਟੀ ਵੀ ਪ੍ਰਦਾਨ ਕੀਤੀ।"*



***ਸੇਬਸਟੀਅਨ ਦੇ ਪਰਿਵਾਰ ਦੇ ਸਾਰੇ ਮੈਂਬਰ ਜੈਵ ਉਤਪਾਦਾਂ ਦੇ ਉਤਪਾਦਨ ਵਿੱਚ ਸ਼ਾਮਿਲ ਹਨ।***

**ਜੈਵ ਉਤਪਾਦਾਂ ਦਾ ਉਤਪਾਦਨ ਅਤੇ ਆਮਦਨ :** ਵਰਤਮਾਨ ਵਿੱਚ, ਉਹ ਆਪਣੇ ਖੇਤ ਵਿੱਚ ਉਪਲਬਧ ਸਮੱਗਰੀ ਦੇ ਆਧਾਰ 'ਤੇ ਜੈਵ ਉਤਪਾਦ ਜਿਵੇਂ ਦਸਗਵਯ, ਪੰਚਗਵਯ, ਫਿਸ਼ ਐਮੀਨੋ ਐਸਿਡ, ਵਰਮੀ ਖਾਦ, ਹਰਬਲ ਕੀਟ ਭਜਾਓ ਮਿਸ਼ਰਣ ਆਦਿ ਤਿਆਰ ਕਰਨ ਵਿੱਚ ਜੁਟੇ ਹੋਏ ਹਨ। ਜਾਨਵਰਾਂ ਅਤੇ ਫਸਲੀ ਰਹਿੰਦ-ਖੂੰਹਦ ਨੂੰ ਉਹ ਕੱਚੇ ਮਾਲ ਦੇ ਰੂਪ ਵਿੱਚ ਉਪਯੋਗ ਕਰਦੇ ਹਨ। ਨਾਲ ਹੀ, ਬੜੀ ਘੱਟ ਮਾਤਰਾ ਵਿੱਚ ਉਹਨਾਂ ਨੂੰ ਬਹਾਰ ਤੋਂ ਸਾਮਾਨ ਲੈਣਾ ਪੈਂਦਾ ਹੈ। ਉਹਨਾਂ ਦੇ ਕੋਲ ਦੋ ਦੇਸੀ ਗਊਆਂ (ਸਥਾਨਕ ਪ੍ਰਜਾਤੀ ਮਨਾਪਾਰਾਈ ਗਊ) ਅਤੇ ਇੱਕ ਜਰਸੀ ਗਊ ਹੈ। ਜੈਵ ਉਤਪਾਦ ਤਿਆਰ ਕਰਨ ਲਈ ਉਹ ਸਿਰਫ ਦੇਸੀ ਗਊ ਦੇ ਗੋਬਰ ਅਤੇ ਮੂਤਰ ਦਾ ਇਸਤੇਮਾਲ ਕਰਦੇ ਹਨ।

ਉਹਨਾਂ ਦੇ ਉੱਦਮੀ ਕੌਸ਼ਲ ਨੂੰ ਦੇਖਦੇ ਹੋਏ ਖੇਤੀ ਵਿਭਾਗ ਨੇ ਉਹਨਾਂ ਨੂੰ ਦੋ ਟਨ ਦੀ ਸਮਰੱਥਾ ਵਾਲੇ ਵਰਮੀ ਕੰਪੋਸਟ ਪਿੱਟ ਦੇ ਨਿਰਮਾਣ ਵਿੱਚ ਸਹਾਇਤਾ ਪ੍ਰਦਾਨ ਕੀਤੀ। ਇਸੇ ਤਰ੍ਹਾ, ਸਥਾਨਕ ਸੰਸਥਾ ਅਹਿਮਸਾ ਨੇ ਉਹਨਾਂ ਨੂੰ ਦਸਗਵਯ, ਪੰਚਗਵਯ, ਮੱਛੀ ਐਮੀਨੋ ਐਸਿਡ ਅਤੇ ਹਰਬਲ ਕੀਟ ਭਜਾਓ ਮਿਸ਼ਰਣ ਤਿਆਰ ਕਰਨ ਲਈ ਸਾਮਾਨ ਅਤੇ ਸਪ੍ਰੇਅ ਵਾਲੀਆਂ ਮਸ਼ੀਨਾਂ ਦਿੱਤੀਆਂ।

ਉਸਦਾ ਪੂਰਾ ਪਰਿਵਾਰ, ਜਿਸ ਵਿੱਚ ਉਸਦੀ ਪਤਨੀ ਅਤੇ ਦੋ ਬੱਚੇ ਸ਼ਾਮਿਲ ਹਨ, ਇਸ ਕੰਮ ਵਿੱਚ ਸਹਿਯੋਗ ਕਰਦੇ ਹਨ। ਉਸਨੇ ਆਪਣੇ ਬੱਚਿਆਂ ਨੂੰ ਔਸ਼ਧੀਆਂ ਨੂੰ ਪਛਾਣਨ, ਇਹਨਾਂ ਦੇ ਪ੍ਰਯੋਗ ਅਤੇ ਜੈਵ ਉਤਪਾਦਾਂ ਨੂੰ ਬਣਾਉਣ ਲਈ ਵਰਤੋਂ ਵਿੱਚ ਆਉਣ ਵਾਲੀਆਂ ਔਸ਼ਧੀਆਂ ਅਤੇ ਕੱਚੀ ਸਮੱਗਰੀ ਨੂੰ ਇਕੱਠਾ ਕਰਨ ਅਤੇ ਜੈਵ ਉਤਪਾਦ ਤਿਆਰ ਕਰਨ, ਨਿਯਮਿਤ ਨਿਗਰਾਨੀ ਕਰਨ, ਪ੍ਰਬੰਧਨ ਅਤੇ ਮੰਡੀਕਰਨ ਆਦਿ ਸਭ ਪ੍ਰਕ੍ਰਿਆਵਾਂ ਵਿੱਚ ਸਿਖਲਾਈ ਦਿੱਤੀ ਹੈ।

ਆਪਣੀਆਂ ਖੇਤੀ ਜਰੂਰਤਾਂ ਪੂਰੀਆਂ ਕਰਨ ਤੋਂ ਬਾਅਦ, ਸੇਬਸਟੀਅਨ ਵਰਤਮਾਨ ਵਿੱਚ 100 ਲੀਟਰ ਦਸਗਵਯ, 100 ਲੀਟਰ ਪੰਚਗਵਯ, 20 ਲੀਟਰ ਮੱਛੀ ਐਮੀਨੋ ਐਸਿਡ, 100 ਲੀਟਰ ਕੀਟ ਭਜਾਓ ਮਿਸ਼ਰਣ ਅਤੇ 2000 ਕਿਲੋ ਵਰਮੀ ਕੰਪੋਸਟ ਸਾਲਾਨਾ ਵੇਚ ਰਿਹਾ ਹੈ। ਉਸਦੀ ਇਹਨਾਂ ਜੈਵ ਉਤਪਾਦਾਂ ਦੀ ਵਿਕਰੀ ਤੋਂ ਸਾਲਾਨਾ ਆਮਦਨੀ 60 ਹਜਾਰ ਰੁਪਏ ਹੈ। ਉਸਦੇ ਗ੍ਰਾਹਕਾਂ ਵਿੱਚ 60-70 ਦੇ ਲਗਭਗ ਕਿਸਾਨ ਹਨ ਜਿੰਨਾਂ ਵਿੱਚੋਂ 20 ਉਸਦੇ ਪੱਕੇ ਗ੍ਰਾਹਕ ਹਨ।

90 ਪ੍ਰਤੀਸ਼ਤ ਦੇ ਲਗਭਗ ਉਤਪਾਦ ਉਸਦੇ ਘਰ ਤੋਂ ਹੀ ਵਿਕ ਜਾਂਦੇ ਹਨ। ਬਾਕੀ ਬਚੇ ਉਹ ਆਪਣੇ ਫ਼ੋਨ ਦੀ ਸਹਾਇਤਾ ਨਾਲ ਵੇਚਦਾ ਹੈ। ਹਾਲ ਹੀ ਵਿੱਚ ਉਸਨੇ ਇਸ ਬਾਰੇ ਵਿੱਚ ਸੋਸ਼ਲ ਮੀਡੀਆ ਉੱਪਰ ਵੀ ਸਾਂਝਾ ਕੀਤਾ ਜਿਸਤੋਂ ਬਾਅਦ ਉਸ ਕੋਲ ਹੋਰ ਵੀ ਜ਼ਿਆਦਾ ਆਰਡਰ ਆਉਣ ਲੱਗੇ ਹਨ। ਉਹ ਜੈਵ ਉਤਪਾਦਾਂ ਨੂੰ ਤਿਆਰ ਕਰਨ ਅਤੇ ਪ੍ਰਯੋਗ ਕਰਨ ਵਿੱਚ ਰੁਚੀ ਰੱਖਣ ਵਾਲੇ ਕਿਸਾਨਾਂ ਨੂੰ ਸਲਾਹ ਵੀ ਦਿੰਦੇ ਹਨ।

**ਛੋਟੀ ਪ੍ਰਯੋਗਸ਼ਾਲਾ :** ਸਾਲ 2018-19 ਵਿੱਚ ਖੇਤੀ ਵਿਭਾਗ ਨੇ ਕਿਸਾਨਾਂ ਦੀ ਸਮੂਹਿਕ ਪਹਿਲ ਨੂੰ ਮਜਬੂਤ ਕਰਨ ਅਤੇ ਉਹਨਾਂ ਦੀ ਉੱਦਮਸ਼ੀਲਤਾ ਕੌਸ਼ਲ ਨੂੰ ਵਧਾਉਣ ਲਈ ਰਾਜ ਪੱਧਰੀ ਸਿਖਲਾਈ ਕਾਰਜਸ਼ਾਲਾ ਦਾ ਆਯੋਜਨ ਕੀਤਾ। ਸੇਬਸਟੀਅਨ ਨੇ ਕਿਸਾਨ ਉਤਪਾਦਕ ਸਮੂਹ ਦੇ ਮੈਂਬਰ ਦੇ ਰੂਪ ਵਿੱਚ 70 ਕਿਸਾਨਾਂ ਦੇ ਨਾਲ ਇਸ ਕਾਰਜਸ਼ਾਲਾ ਵਿੱਚ ਭਾਗ ਲਿਆ। ਸਿਖਲਾਈ ਤੋਂ ਬਾਅਦ ਸੇਬਸਟੀਅਨ ਨੇ ਮਿੱਟੀ ਵਿੱਚ ਰਹਿਣ ਵਾਲੇ ਕੀੜਿਆਂ ਅਤੇ ਸੰਬੰਧਿਤ ਜੜ੍ਹ ਸੜਨ ਸਮੱਸਿਆਵਾਂ ਦੇ ਲਈ ਜੈਵ ਨਿਯੰਤ੍ਰਣ ਏਜੰਟ ਦੇ ਰੂਪ ਵਿੱਚ ਕੰਮ ਕਰਨ ਵਾਲੇ ਇੱਕ ਫਫੂੰਦ ਐਂਟੋਮੋਪੈਥੋਜਨ - ਮੈਥਾਰੀਜੀਅਮ ਐਨੀਸੋਪਲੀਆ ਦੇ ਉਤਪਾਦਨ ਵਿੱਚ ਦਿਲਚਸਪੀ ਦਿਖਾਈ। ਉਹਨਾਂ ਨੇ ਖੇਤੀ ਵਿਭਾਗ ਨਾਲ ਸੰਪਰਕ ਕੀਤਾ ਅਤੇ ਮੈਥਾਰੀਜੀਅਮ ਦਾ ਉਤਪਾਦਨ ਕਰਨ ਲਈ ਇੱਕ ਛੋਟੀ ਪ੍ਰਯੋਗਸ਼ਾਲਾ ਸਥਾਪਤ ਕਰਨ ਲਈ ਖੇਤੀ ਵਿਭਾਗ ਤੋਂ ਸਹਿਯੋਗ ਦੀ ਮੰਗ ਕੀਤੀ।

ਇਸਤੋਂ ਬਾਅਦ ਖੇਤੀ ਵਿਭਾਗ ਨੇ ਉਹਨਾਂ ਦੇ ਖੇਤ ਦਾ ਦੌਰਾ ਕੀਤਾ ਅਤੇ ਉਹਨਾਂ ਦੇ ਸਮੂਹ ਦੇ ਮੈਂਬਰਾਂ ਨਾਲ ਗੱਲਬਾਤ ਕਰਕੇ ਇੱਕ ਛੋਟੀ ਪ੍ਰਯੋਗਸ਼ਾਲਾ ਸਥਾਪਤ ਕਰਨ ਦੀ ਯੋਜਨਾ ਨੂੰ ਅੰਤਿਮ ਰੂਪ ਦਿੱਤਾ। ਸਾਰੀ ਜਰੂਰੀ ਕਾਰਵਾਈ ਪੂਰੀ ਕਰਨ ਤੋਂ ਬਾਅਦ ਮੇਜ, ਪ੍ਰੈਸ਼ਰ ਕੁੱਕਰ, ਯੂ ਵੀ ਪ੍ਰਕਾਸ਼, ਬਾਲਟੀਆਂ ਅਤੇ ਕੰਟੇਨਰਾਂ ਨੂੰ ਖਰੀਦ ਕੇ ਇੱਕ ਛੋਟੀ ਪ੍ਰਯੋਗਸ਼ਾਲਾ ਸਥਾਪਤ ਕਰਨ ਲਈ ਕੁੱਲ 70, 200 ਰੁਪਏ ਦੀ ਸਹਾਇਤਾ ਦਿੱਤੀ ਗਈ। ਇਸ ਪ੍ਰਯੋਗਸ਼ਾਲਾ ਵਿੱਚ ਸੇਬਸਟੀਅਨ ਸਾਲ ਭਰ ਵਿੱਚ 50 ਕਿਲੋ ਮੈਥਾਰੀਜੀਅਮ ਦਾ ਉਤਪਾਦਨ ਕਰਦਾ ਹੈ ਅਤੇ 9000 ਰੁਪਏ ਦੀ ਆਮਦਨੀ ਕਰਦਾ ਹੈ।

ਹਾਲਾਂਕਿ ਮੰਡੀਕਰਨ ਵਿੱਚ ਸਮੱਸਿਆਵਾਂ ਆਉਦੀਆਂ ਹਨ। ਖੇਤੀ ਵਿਭਾਗ ਇੱਕ ਆਕਰਸ਼ਕ ਪੈਕਿੰਗ ਅਤੇ ਬਰਾਂਡ ਨਾਮ

**ਜੈਵ ਉਤਪਾਦਾਂ ਦਾ ਉਤਪਾਦਨ ਕਰਨ ਵਾਲੇ ਕਿਸਾਨਾਂ ਨੂੰ ਮੰਡੀਕਰਨ ਵਿੱਚ ਆਉਣ ਵਾਲੀਆਂ ਚੁਣੌਤੀਆਂ ਨਾਲ ਨਜਿੱਠਣ ਲਈ ਆਰੰਭ ਵਿੱਚ ਪਿੱਛੇ ਤੋਂ ਸਹਿਯੋਗ ਕਰਨ ਦੀ ਲੋੜ ਹੁੰਦੀ ਹੈ।**




*ਤ੍ਰਿਚੀ ਜਿਲ੍ਹਾ ਕਲੈਕਟਰ ਦੁਆਰਾ ਸੇਬਸਟੀਅਨ ਨੂੰ ਸਰਵਸ੍ਰੇਸ਼ਠ ਕਿਸਾਨ ਉੱਦਮੀ ਦੇ ਰੂਪ ਵਿੱਚ ਸਨਮਾਨਿਤ ਕੀਤਾ ਗਿਆ।*

ਹੇਠ ਮੈਥਾਰੀਜੀਅਮ ਕਿਸਾਨਾਂ ਨੂੰ ਸਿੱਧੇ ਵੇਚਦਾ ਹੈ। ਇੱਥੇ ਖੇਤੀ ਵਿਭਾਗ ਹੀ ਸੇਬਸਟੀਅਨ ਜਿਹੇ ਕਿਸਾਨਾਂ ਦੇ ਮੁਕਾਬਲੇ ਵਿੱਚ ਹੈ, ਜਿੰਨਾਂ ਕੋਲ ਨਾ ਤਾਂ ਆਕਰਸ਼ਕ ਪੈਕਿੰਗ ਹੈ ਅਤੇ ਨਾ ਹੀ ਕੋਈ ਬਰਾਂਡ ਨਾਮ। ਮੰਡੀਕਰਨ ਦੀ ਚੁਣੌਤੀ ਨਾਲ ਨਜਿੱਠਣ ਲਈ ਸੇਬਸਟੀਅਨ ਵਾਪਸ ਖਰੀਦਣ ਦੀ ਨੀਤੀ ਨੂੰ ਇੱਕ ਮੱਦਦ ਵਜੋਂ ਦੇਖਦਾ ਹੈ।

**ਸਿੱਟਾ :** ਜੈਵਿਕ ਖੇਤੀ ਨੂੰ ਅਪਣਾਉਣ ਨਾਲ ਆਪਣੇ ਖੇਤਾਂ ਦੀ ਮਿੱਟੀ ਵਿੱਚ ਸੁਧਾਰ ਹੁੰਦਾ ਦੇਖ ਕੇ ਸੇਬਸਟੀਅਨ ਅਤੇ ਹੋਰ ਕਿਸਾਨ ਬਹੁਤ ਖੁਸ਼ ਹਨ। ਜੈਵ ਉਤਪਾਦਾਂ ਦੇ ਪ੍ਰਯੋਗ ਦੇ ਨਤੀਜੇ ਵਜੋਂ ਜ਼ਮੀਨ ਦੀ ਹੇਠਲੀ ਪਰਤ ਵਿੱਚ ਮਿੱਟੀ ਦਾ ਸੁਧਾਰ ਹੋਇਆ ਹੈ, ਪੌਦੇ ਸਿਹਤਮੰਦ ਹੋ ਰਹੇ ਹਨ, ਕੀਟਾਂ ਦਾ ਹਮਲਾ ਘੱਟ ਹੋ ਰਿਹਾ ਹੈ ਅਤੇ ਪਰਿਵਾਰ ਨੂੰ ਸਿਹਤਮੰਦ ਅਤੇ ਸਵਾਦੀ ਭੋਜਨ ਮਿਲਣ ਲੱਗਿਆ ਹੈ। ਨਾਲ ਹੀ, ਸੇਬਸਟੀਅਨ ਜਿਹੇ ਕਿਸਾਨਾਂ ਨੂੰ ਉੱਦਮ ਦੀ ਰਾਹ ਦਿਖਾ ਕੇ ਆਮਦਨੀ ਦਾ ਨਵਾਂ ਰਸਤਾ ਵੀ ਖੋਲ ਦਿੱਤਾ ਹੈ। ਸੇਬਸਟਅੀਨ ਦੇ ਅਨੁਭਵਾਂ ਨੂੰ ਸਥਾਨਕ ਸਮਾਚਾਰ ਪੱਤਰਾਂ ਅਤੇ ਆਲ ਇੰਡੀਆ ਰੇਡੀਓ, ਤ੍ਰਿਚਨਾਪੱਲੀ ਦੇ ਖੇਤੀ ਦੇ ਲਈ ਇੱਕ ਵਿਸ਼ੇਸ਼ ਪ੍ਰਾਈਮ ਟਾਈਮ ਸਲਾਟ ਵੇਲਾਨ ਅਰੰਗਮ ਵਿੱਚ ਪ੍ਰਸਾਰਿਤ ਕੀਤਾ ਗਿਆ। ਸੇਬਸਟੀਅਨ ਖੇਤਰ ਵਿੱਚ ਉੱਦਮ ਦੇ ਲਈ ਇੱਕ ਰੋਲ ਮਾਡਲ ਦੇ ਤੌਰ 'ਤੇ ਉੱਭਰੇ ਹਨ।

ਅੱਜ ਸੇਬਸਟੀਅਨ ਨਾ ਕੇਵਲ ਵੈਯਾਮਪੱਟੀ ਬਲਕਿ ਆਸ-ਪਾਸ ਦੇ ਖੇਤਰ ਦੇ ਕਿਸਾਨਾਂ ਨੂੰ ਜੈਵ ਉਤਪਾਦ ਉਪਲਬਧ ਕਰਵਾਉਂਦੇ ਹਨ, ਉਹਨਾਂ ਨੂੰ ਜੈਵਿਕ ਖੇਤੀ ਲਈ ਪ੍ਰੋਤਸ਼ਾਹਿਤ ਕਰਦਿਆਂ ਇਹਨਾਂ ਦੀ ਵਰਤੋਂ ਕਰਨ ਦੇ ਤਰੀਕਿਆਂ ਬਾਰੇ ਸਮਝਾਉਂਦੇ ਹਨ। ਇਸਦੇ ਨਾਲ ਹੀ ਮਿੱਟੀ ਦੀ ਗੁਣਵੱਤਾ ਵਿੱਚ ਹੋ ਰਹੇ ਸੁਧਾਰ ਨੂੰ ਜਾਣਨ ਦੇ ਲਈ ਕਿਸਾਨਾਂ ਦੇ ਖੇਤਾਂ ਦੀ ਮਿੱਟੀ ਦੀ ਜਾਂਚ ਕਰਵਾਉਣ ਲਈ ਸੰਬੰਧਿਤ ਵਿਭਾਗਾਂ ਅਤੇ ਅਧਿਕਾਰੀਆਂ ਵਿੱਚ ਤਾਲਮੇਲ ਸਥਾਪਤ ਕਰਦੇ ਹਨ। ●

**ਵਿਕਟਰ ਆਈ**
ਸੈਕ੍ਰੇਟਰੀ, ਅਹਿਮਸਾ
ਨੰ. 8 1- 207 ਸੀ, ਸੋਨਾ ਕੰਪਲੈਕਸ, ਮੁੱਖ ਮਾਰਗ, ਵੈਯਾਮਪੱਟੀ
621315 ਤ੍ਰਿਚੀ ਜਿਲ੍ਹਾ ਤਾਮਿਲਨਾਡੂ
ਈਮੇਲ info@ahmisa.ngo

**ਸੁਰੇਸ਼ ਕੰਨਾ ਕੇ**
ਸੀਨੀਅਰ ਟੀਮ ਮੈਂਬਰ
ਕੁਡੂਬੰਮ
113/118, ਸੁਬਰਮੰਨਿਯਪੁਰਮ, ਤ੍ਰਿਚੀ 620020
ਈਮੇਲ kannasuresh71@gmail.com

**Entrepreneurship to promote organic farming**
**LEISA INDIA, March 2021**

# ਕਾਂਜੀਕੁਝੀ

## *ਕੇਰਲ ਦੀ ਪਹਿਲੀ ਜ਼ਹਿਰ ਮੁਕਤ ਸਬਜ਼ੀਆਂ ਦੇ ਮਾਮਲੇ ਵਿੱਚ ਆਤਮਨਿਰਭਰ ਪੰਚਾਇਤ*

**ਤਾਨਿਆ ਅਬਰਾਹਮ**

**ਪਿੰਡ ਨੇ ਜੈਵਿਕ ਖੇਤੀ ਦੇ ਤਜਰਬੇ 1994 ਵਿੱਚ ਉਸ ਸਮੇਂ ਸ਼ੁਰੂ ਕੀਤੇ ਸਨ ਜਦੋਂ ਭਾਰਤ ਦੇ ਬਹੁਤ ਸਾਰੇ ਹਿੱਸਿਆਂ ਵਿੱਚ ਕਿਸੇ ਨੇ ਇਸਦਾ ਨਾਮ ਵੀ ਨਹੀ ਸੁਣਿਆ ਸੀ।**

ਸਮੁੰਦਰ ਦੀ ਹਵਾ ਹੌਲੀ-ਹੌਲੀ ਚਲ ਰਹੀ ਸੀ, ਰੇਤ ਅਤੇ ਨਮਕ ਦੀ ਗੰਧ ਨਾਲ ਲੱਦੀ ਹੋਈ  ਜਦੋ ਮੈਂ ਕੇਰਲ ਦੇ ਅਲਾਪੁਝਾ ਜਿਲ੍ਹੇ ਦੇ ਤੱਟਵਰਤੀ ਪਿੰਡ ਕਾਂਜੀਕੁਝੀ ਵਿੱਚ ਪਹੁੰਚਦੀ ਹਾਂ। ਅਤੇ ਜਿਵੇਂ ਹੀ ਮੈਂ ਪਿੰਡ ਵਿੱਚ ਦਾਖਲ ਹੁੰਦੀ ਹਾਂ ਤਾਂ ਇਹ ਹਵਾ ਬਗੀਜਚੀ ਵਿੱਚ ਤੋੜੀਆਂ ਤਾਜ਼ੀਆਂ ਸਬਜੀਆਂ ਦੀ ਗੰਧ ਨਾਲ ਭਰ ਜਾਂਦੀ ਹੈ।

ਕਾਂਜੀਕੁਝੀ ਬਾਕੀ ਭਾਰਤ ਨਾਲੋਂ ਕੁੱਝ ਅਲੱਗ ਹੀ ਤਸਵੀਰ ਪੇਸ਼ ਕਰਦਾ ਹੈ। ਅਜਿਹੇ ਸਮੇਂ ਜਦੋਂ ਪਿੰਡਾਂ ਤੱਕ ਵਿੱਚ ਸਬਜ਼ੀ ਮਿਲਣੀ ਮੁਸ਼ਕਿਲ ਹੋ ਜਾਂਦੀ ਹੈ, ਕਾਂਜੀਕਜ਼ੀ ਵਿੱਚ ਸਬਜ਼ੀਆਂ ਦੀ ਭਰਮਾਰ ਹੁੰਦੀ ਹੈ, ਉਹ ਵੀ ਜੈਵਿਕ ਤਰੀਕੇ ਨਾਲ ਉਗਾਈਆਂ ਸਬਜ਼ੀਆਂ ਦੀ। ਕੇਰਲ ਦੀ ਇੱਕੋ-ਇੱਕ ਸਬਜ਼ੀਆਂ ਦੇ ਮਾਮਲੇ ਵਿੱਚ ਆਤਮਨਿਰਭਰ ਪੰਚਾਇਤ ਕਾਂਜੀਕੁਝੀ ਦਾ ਇਹ ਮਾਡਲ ਨਕਲ ਕਰਨ ਦੇ ਯੋਗ ਹੈ। ਇਸਲਈ ਵੀ ਕਿ ਇਹਨਾਂ ਨੇ ਜੈਵਿਕ ਖੇਤੀ ਉੱਪਰ ਕੰਮ ਕਰਨਾ 1994 ਵਿੱਚ ਉਸ ਸਮੇਂ ਸ਼ੁਰੂ ਕੀਤਾ ਜਦੋਂ  ਭਾਰਤ ਦੇ ਜ਼ਿਆਦਾਤਰ ਹਿੱਸਿਆਂ ਵਿੱਚ ਇਸ ਬਾਰੇ ਕਿਸੇ ਨੇ ਸੁਣਿਆ ਵੀ ਨਹੀਂ ਸੀ।

ਇਹ ਸਭ ਕਿਵੇਂ ਸ਼ੁਰੂ ਹੋਇਆ? ਕਿਉਂਕਿ ਕਾਂਜੀਕੁਝੀ ਦੀ ਮਿੱਟੀ ਖੇਤੀ ਕਰਨ ਯੋਗ ਨਹੀ ਸੀ, ਪਿੰਡ ਨੂੰ ਕੇਰਲ ਦੇ ਬਾਕੀ ਹਿੱਸਿਆਂ ਤੋਂ ਸਬਜ਼ੀਆਂ ਮੰਗਵਾਉਣੀਆਂ ਪੈਂਦੀਆਂ ਸਨ। ਇਸ ਨਾਲ ਸਬਜ਼ੀਆਂ ਦੀਆਂ ਕੀਮਤਾਂ ਵਧ ਗਈਆਂ। ਇਸ ਤੋ ਵੀ ਵਧ, ਲੋਕਾਂ ਦੀ ਸਥਾਨਕ ਨਾਰੀਅਲ ਉਦਯੋਗ ਵਿੱਚ ਆਮਦਨੀ ਬਹੁਤ ਹੀ ਘੱਟ ਸੀ। ਇਸਲਈ ਉਸ ਸਮੇਂ ਦੀ ਪੰਚਾਇਤ ਨੇ ਇੱਕ ਕ੍ਰਾਂਤੀਕਾਰੀ ਫੈਸਲਾ ਲੈਣ ਲਈ ਪਿੰਡ ਦੀ ਮੀਟਿੰਗ ਬੁਲਾਈ। ਪੰਚਾਇਤ ਨੇ ਫੈਸਲਾ ਲਿਆ ਕਿ ਭਵਿੱਖ ਜੈਵਿਕ ਖੇਤੀ ਵਿੱਚ ਹੀ ਹੈ, ਜੋ ਪਿੰਡ ਦੇ ਕਿਸਾਨ ਪਰਿਵਾਰਾਂ ਦੁਆਰਾ ਕੀਤੀ ਜਾਂਦੀ ਹੈ। ਪੰਚਾਇਤ ਪ੍ਰਧਾਨ ਐਮ. ਜੀ. ਰਾਜੂ ਦਾ ਕਹਿਣਾ ਹੈ, "ਇਹ ਜਰੂਰੀ ਸੀ ਕਿ ਸਬਜ਼ੀਆਂ ਬਾਹਰੋਂ ਨਾ ਖਰੀਦੀਆ ਜਾਣ ਸਗੋਂ ਪਿੰਡ ਵਿੱਚ ਹੀ ਉਗਾਈਆਂ ਜਾਣ।"



*ਸਾਨੂੰ ਕਾਂਜੀਕੁਝੀ ਵਿੱਚ ਪਿਛਲੇ 16 ਸਾਲ ਤੋਂ ਖੇਤੀ ਕਰ ਰਿਹਾ ਹੈ।*

"ਜਦੋਂ ਅਸੀਂ ਇਹ ਵਿਚਾਰ ਅਪਣਾਇਆ ਉਦੋਂ ਸਾਡੇ ਸਾਹਮਣੇ ਬਹੁਤ ਚੁਣੌਤੀਆਂ ਸਨ।  ਸਿਰਫ਼ ਇਹੀ ਨਹੀ ਸੀ ਕਿ ਸਾਡੇ ਪਿੰਡ ਦੀ ਮਿੱਟੀ ਖੇਤੀ ਕਰਨ ਯੋਗ ਨਹੀ ਸੀ ਬਲਕਿ ਲੋਕਾਂ ਨੂੰ ਵੀ ਜੈਵਿਕ ਖੇਤੀ ਬਾਰੇ ਜਾਗਰੂਕ ਕਰਨ ਦੀ ਲੋੜ ਸੀ। ਇਸ ਤੋਂ ਵੀ ਮਹੱਤਵਪੂਰਨ, ਇਸ ਪ੍ਰੋਜੈਕਟ ਦੀ ਨਿਰੰਤਰਤਾ ਬਣਾਏ ਰੱਖਣ ਲਈ ਇੱਕ ਵਿਵਹਾਰਿਕ ਅਤੇ ਕੁਸ਼ਲ ਯੋਜਨਾ ਦੀ ਲੋੜ ਸੀ।"

ਯੋਜਨਾ ਨੂੰ ਬਣਾਉਂਦਿਆਂ, ਪੰਚਾਇਤ ਕਮੇਟੀ ਨੇ ਪਿੰਡ ਦੇ 8600 ਪਰਿਵਾਰਾਂ ਨੂੰ ਕਰੇਲਾ, ਲਾਲ ਪਾਲਕ, ਗੋਭੀ , ਫਲੀਆਂ ਅਤੇ ਹੋਰ ਕਈ ਸਬਜ਼ੀਆਂ ਆਪਣੇ ਘਰ, ਘਰ ਦੇ ਪਿਛਵਾੜੇ ਅਤੇ ਛੱਤ ਉੱਪਰ, ਜੋ ਵੀ ਜਗ੍ਹਾ ਉਪਲਬਧ ਹੋਵੇ,  ਉਗਾਉਣ ਲਈ ਸੱਦਾ ਦਿੱਤਾ। ਇਸ ਦਾ ਕਾਰਨ ਇਹ ਸੀ ਕਿ ਹਰ ਉਪਲਬਧ ਜਗ੍ਹਾ ਦਾ ਇਸਤੇਮਾਲ ਕੀਤਾ ਜਾ ਸਕੇ। ਸ਼ੁਰੂਆਤੀ ਫੰਡਿਗ ਪੰਚਾਇਤ ਵੱਲੋਂ ਦਿੱਤੀ ਗਈ। ਰਾਜੂ ਨੇ ਅੱਗੇ ਦੱਸਿਆ,  "ਟਿਕਾਊ ਪ੍ਰੈਕਟਿਸ ਯਕੀਨੀ ਬਣਾਉਣ ਲਈ, ਕ੍ਰਿਸ਼ਕ ਕਰਮਸੇਨਾ ਨਾਮ ਦੀ ਛੋਟੀ ਜਿਹੀ ਕਮੇਟੀ ਬਣਾਈ ਗਈ ਜਿਸਨੂੰ ਨਿਗਰਾਨੀ ਕਰਨ ਅਤੇ ਉਤਪਾਦਕਾਂ ਨੂੰ ਉਤਸ਼ਾਹਿਤ ਕਰਨ ਦੀ ਟ੍ਰੇਨਿੰਗ ਦਿੱਤੀ ਗਈ। ਇਹ ਕਾਫ਼ੀ ਕਠਿਨ ਪ੍ਰਕ੍ਰਿਆ ਸੀ ਪਰ ਸਮੇਂ ਦੇ ਨਾਲ ਮਿੱਟੀ ਦੇ ਪੀ ਐੱਚ ਪੱਧਰ ਵਿੱਚ ਸੁਧਾਰ ਆਇਆ, ਮਿੱਟੀ ਦੇ ਪੋਸ਼ਕ ਤੱਤ ਬਹਾਲ ਹੋ ਗਏ ਅਤੇ ਕੀਟਾਂ ਨੂੰ ਨਿਯੰਤ੍ਰਣ ਕਰਨ ਲਈ ਤਰੀਕੇ ਅਪਣਾਏ ਗਏ। ਜੈਵਿਕ ਖੇਤੀ ਲਈ ਤਰੀਕੇ ਸਥਾਨਕ ਪੱਧਰ 'ਤੇ ਹੀ ਵਿਕਸਿਤ ਕੀਤੇ ਗਏ। "



*ਪਿੰਡ ਵਿੱਚ ਇੱਕ ਕਿਸਾਨ ਆਊਟਲੈੱਟ*

**ਕਿਸਾਨ ਬਿਹਤਰ ਜਾਣਦਾ ਹੈ :** ਇੱਕ ਵਾਰ ਜਦ ਸਾਰੀ ਵਿਵਸਥਾ ਸਹੀ ਹੋ ਗਈ ਤਾਂ ਇਸ ਦੀ ਨਿਰੰਤਰਤਾ ਬਣਾਏ ਰੱਖਣ ਦੀ ਜਿੰਮੇਦਾਰੀ ਪਿੰਡ ਵਾਲਿਆਂ ਉੱਪਰ ਆ ਗਈ। ਇਸ ਲਈ, ਅੱਜ ਤੱਕ, ਹਰ ਪਰਿਵਾਰ ਲੋੜੀਂਦੀ ਖਾਦ ਦੀ ਮਾਤਰਾ ਅਤੇ ਕੀਟ ਨਿਯੰਤ੍ਰਣ ਤਰੀਕੇ ਉੱਪਰ ਨਿਗਰਾਨੀ ਰੱਖਦਾ ਹੈ । ਰਾਜੂ ਦੱਸਦੇ ਹਨ, "ਕਿਸਾਨ ਜਾਣਦੇ ਹਨ ਕਿ ਉਹਨਾਂ ਲਈ ਕੀ ਤਰੀਕਾ ਵਧੀਆ ਕੰਮ ਕਰਦਾ ਹੈ। ਉਹ ਅੱਜ ਏਥੇ ਗਲਤੀ ਅਤੇ ਸੁਧਾਰ ਤਰੀਕੇ ਨਾਲ ਪਹੁੰਚੇ ਹਨ। ਜੇਕਰ ਏਥੇ ਕੋਈ ਇੱਕ ਸਥਾਈ ਨਿਯਮ ਹੈ ਤਾਂ ਉਹ ਹੈ ਖੇਤੀ ਵਿੱਚ ਕਿਸੇ ਵੀ ਤਰ੍ਹਾ ਦੇ ਰਸਾਇਣ ਦਾ ਇਸਤੇਮਾਲ ਨਹੀ ਹੋਵੇਗਾ। "

ਕਿਸਾਨਾਂ ਨੂੰ ਮੁਫ਼ਤ ਬੀਜ ਅਤੇ ਪਨੀਰੀ ਪੰਚਾਇਤ ਵੱਲੋਂ ਦਿੱਤੀ ਜਾਂਦੀ ਹੈ ਜਿੰਨ੍ਹਾਂ ਨੂੰ ਮਹਿਲਾਵਾਂ ਦੀ ਸਵੈ ਸਹਾਇਤਾ ਸੰਸਥਾ ਕੁਦੰਬਸ਼੍ਰੀ ਦੁਆਰਾ ਤਿਆਰ ਕੀਤਾ ਜਾਂਦਾ ਹੈ। "ਪਿਛਲੇ ਸਾਲ ਅਸੀਂ 50 ਲੱਖ ਤੋਂ ਵੱਧ ਪਨੀਰੀ ਦਿੱਤੀ ਹੈ। ਇਸਦੇ ਨਾਲ ਹੀ ਘੱਟ ਕੀਮਤ, ਵਾਤਵਾਰਣ ਪੱਖੀ ਖਾਦ ਲਈ ਵੀ ਸੁਵਿਧਾਵਾਂ ਦਿੰਦੇ ਹਾਂ। " ਰਾਜੂ ਨੇ ਦੱਸਿਆ।

ਕਾਂਜੀਕੁਝੀ ਨੂੰ ਹੁਣ ਬਾਹਰ ਤੋਂ ਸਬਜ਼ੀਆਂ ਮੰਗਵਾਉਣ ਦੀ ਕੋਈ ਲੋੜ ਨਹੀ। "ਪਹਿਲਾਂ ਨੇੜੇ ਦੇ ਸ਼ਹਿਰਾ ਤੋਂ ਸਬਜ਼ੀਆਂ ਮੰਗਵਾਉਣੀਆਂ ਪੈਂਦੀਆਂ ਸਨ। ਹੁਣ ਸਾਡੇ ਕੋਲ ਸਥਾਂਨਕ ਬਾਜ਼ਾਰ ਵਿੱਚ ਵੇਚਣ ਲਈ ਖ਼ੁਦ ਦੀਆਂ ਉਗਾਈਆਂ ਜ਼ਹਿਰ ਮੁਕਤ ਤਾਜ਼ਾ ਸਬਜ਼ੀਆਂ ਹਨ। " ਰਾਜੂ ਨੇ ਦੱਸਿਆ। ਜਦੋਂ ਉਹਨਾਂ ਕੋਲ ਕੁੱਝ ਵਾਧੂ ਸਬਜ਼ੀ ਹੋ ਜਾਂਦੀ ਹੈ ਤਾਂ ਉਹ ਹਾਈਵੇ ਉੱਪਰ ਜਾ ਕੇ ਰਾਹਗੀਰਾਂ ਨੂੰ ਸਬਜ਼ੀਆਂ ਵੇਚਣ ਲੱਗਦੇ ਹਨ। ਰਾਜੂ ਅੱਗੇ ਦੱਸਦੇ ਹਨ, "ਸਾਡੀਆਂ ਸਬਜ਼ੀਆਂ ਉਹਨਾਂ ਸ਼ਹਿਰਾਂ ਵਿੱਚ ਵਿਕਣ ਲੱਗੀਆਂ ਹਨ ਜਿੱਥੋਂ ਅਸੀਂ ਕਦੇ ਖਰੀਦਿਆਂ ਕਰਦੇ ਸਾਂ। ਜਦੋਂ ਅਸੀ ਜ਼ਹਿਰ ਮੁਕਤ ਸਬਜ਼ੀਆਂ ਉੱਚਿਤ ਕੀਮਤ 'ਤੇ ਗ੍ਰਾਹਕਾਂ ਨੂੰ ਵੇਚਦੇ ਹਾਂ ਤਾਂ ਅਸੀਂ ਦੋ ਪੱਖਾਂ ਨੂੰ ਸੰਬੋਧਿਤ ਕਰ ਰਹੇ ਹੁੰਦੇ ਹਾਂ – ਆਰਥਿਕਤਾ ਅਤੇ ਸਿਹਤ। "

ਪਿੰਡ ਵਿੱਚ ਜਿੰਦਗੀ ਪੂਰੀ ਤਰ੍ਹਾ ਬਦਲ ਗਈ ਹੈ। ਪਿੰਡ ਵਿੱਚ ਖੁਸ਼ਹਾਲੀ ਆ ਗਈ ਹੈ। ਕੁੱਝ ਗ੍ਰਾਮੀਣ ਤਾਂ 50 ਹਜਾਰ ਰੁਪਏ ਮਹੀਨਾ ਤੱਕ ਕਮਾ ਰਹੇ ਹਨ ਅਤੇ ਉਹ ਪੂਰਾ ਸਾਲ ਖੇਤੀ ਕਰਦੇ ਹਨ। ਉਹ ਜੈਵਿਕ ਖੇਤੀ ਦੀਆਂ ਕਲਾਸਾਂ ਵੀ ਲੈਂਦੇ ਹਨ, ਕੁੱਝ ਨੇ ਤਾਂ ਹਾਈਬ੍ਰਿਡ ਬੀਜ ਤੱਕ ਵਿਕਸਿਤ ਕਰ ਲਏ ਹਨ। 48 ਸਾਲਾਂ ਸੁਬਾਕੇਸ਼ਨ ਆਪਣੇ ਪਰਿਵਾਰ ਨੂੰ ਸਥਾਨਕ ਹਾਈਬ੍ਰਿਡ ਫਲੀ ਜਿਸਨੂੰ ਕਾਂਜੀਕੁਝੀ ਫਲੀ ਕਿਹਾ ਜਾਂਦਾ ਹੈ, ਦੇ ਬੀਜ ਵੇਚ ਕੇ ਪਾਲ ਰਿਹਾ ਹੈ। ਉਹ ਦੱਸਦਾ ਹੈ, "ਮੈਂ 2% ਖੇਤ ਉੱਪਰ ਖੇਤੀ ਸ਼ੁਰੂ ਕੀਤੀ। ਹੁਣ ਮੈਂ 25% ਉੱਪਰ ਖੇਤੀ ਕਰ ਰਿਹਾ ਹਾਂ। ਖੇਤੀ ਨੇ ਮੇਰੀ ਜਿੰਦਗੀ ਪੂਰੀ ਤਰ੍ਹਾ ਬਦਲ ਦਿੱਤੀ ਹੈ। ਇੱਕ ਹੋਰ 71 ਸਾਲਾਂ ਕਿਸਾਨ ਆਨੰਦਨ ਦੱਸਦੇ ਹਨ ਕਿ ਉਹ ਪੂਰਾ ਸਾਲ ਖੇਤੀ ਕਰਦੇ ਹਨ। ਇਸ ਵਿੱਚ ਟ੍ਰਿਕ ਇਹ ਹੈ ਕਿ ਜਦੋਂ ਉਪਜ 80 % ਤੱਕ ਪਹੁੰਚ ਜਾਂਦੀ ਹੈ ਤਾਂ ਉਹ ਖੇਤੀ ਬੰਦ ਕਰ ਦਿੰਦੇ ਹਨ। ਇਹੀ ਉਹ ਸਮਾਂ ਹੁੰਦਾ ਹੈ ਜਦੋਂ ਕੀਟਾਂ ਦਾ ਹਮਲਾ ਸਭ ਤੋਂ ਵੱਧ ਹੁੰਦਾ ਹੈ। ਇਸ ਤਰ੍ਹਾ ਮੈਂ ਪੂਰਾ ਸਾਲ ਖੇਤੀ ਕਰ ਪਾਉਂਦਾ ਹਾਂ।

ਸਥਾਨਕ ਸਕੂਲਾਂ ਵਿੱਚ ਜੈਵਿਕ ਖੇਤੀ ਉੱਪਰ ਪਾਠ ਜਰੂਰੀ ਹੈ ਤਾਂਕਿ ਆਉਣ ਵਾਲੀ ਪੀੜ੍ਹੀ ਨੂੰ ਇਸਦੇ ਲਈ ਤਿਆਰ ਕੀਤਾ ਜਾ ਸਕੇ। ਰਾਜੂ ਦੱਸਦਾ ਹੈ, "ਹੁਣ ਮਿੱਟੀ ਪੋਸ਼ਕ ਤੱਤਾਂ ਨਾਲ ਭਰਪੂਰ ਹੈ ਅਤੇ ਸਾਡੇ ਬੱਚੇ ਸਿਹਤਮੰਦ, ਜ਼ਹਿਰ ਮੁਕਤ ਖਾਣਾ ਖਾ ਕੇ ਵੱਡੇ ਹੋ ਰਹੇ ਹਨ। " ਪਿਛਲੇ ਬਜਟ ਸਾਲ ਵਿੱਚ ਪੰਚਾਇਤ ਦਾ ਸਾਲਾਨਾ ਟਰਨਓਵਰ 14 ਕਰੋੜ ਰਿਹਾ ਹੈ ਅਤੇ ਕਾਂਜੀਕੁਝੀ ਦਾ ਉਤਪਾਦਨ ਪੂਰੇ ਕੇਰਲ ਵਿੱਚ ਪਹੁੰਚ ਰਿਹਾ ਹੈ। ਇਹ ਇਸ ਛੋਟੇ ਜਿਹੇ ਪਿੰਡ ਦੀ ਬਹੁਤ ਵੱਡੀ ਸਫਲਤਾ ਹੈ ਜੋ ਕਿ ਕਦੇ ਸਿਰਫ਼ ਬੀਚ ਲਈ ਜਾਣਿਆ ਜਾਂਦਾ ਸੀ।

ਇਹ ਲੇਖ ਮੌਲਿਕ ਰੂਪ ਵਿੱਚ https://www.thehindu.com/sci-tech/agriculture/how-kanjikuzhivillage-in-alappuzha-became-the-first-chemicalfree-vegetable-sufficient-panchayat-in-kerala/ article28949494.ece 'ਤੇ ਪ੍ਰਕਾਸ਼ਿਤ ਹੋਇਆ ਸੀ। ●

**Kanjikuzhi**
***Kerala's first chemical-free vegetable - sufficient panchayat***
**LEISA INDIA, September 2021**